
Postal No. - Jallandhar Vide No. L-4/PB/0196/Lobana Sewak/0196/2022-2023

Regd No. 32212/78

# ਲੁਬਾਣਾ ਸੇਵਕ

ਅਕਤੂਬਰ 2023 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਦੀਆਂ ਬਹੁਤ-ਬਹੁਤ ਮੁਬਾਰਕਾਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ



ਨਿਮਰਤਾ, ਗਰੀਬੀ, ਸਾਦਗੀ ਤੇ ਸੁਹਿਰਦਤਾ ਦੇ ਪ੍ਰਤੀਕ ਸਨ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ। ਆਪ ਦੀ ਬਾਣੀ ਵਿਚ ਰੂਹਾਨੀ ਪਿਆਰ ਤੇ ਬਿਹਬਲਤਾ ਠਾਠਾਂ ਮਾਰਦੀ ਦਿੱਸਦੀ ਹੈ। ਪਰਮਾਤਮਾ ਸੰਬੰਧੀ ਬ੍ਰਿਹੋਂ ਦੇ ਗੀਤ, ਉਮਾਹ ਦੇ ਛੰਦ ਤੇ ਪ੍ਰੇਮ ਦੀਆਂ ਧੁਨਾਂ ਉਨ੍ਹਾਂ ਦੀ ਪਵਿੱਤਰ ਬਾਣੀ ਵਿਚੋਂ ਸੁਣੀਆਂ ਜਾ ਸਕਦੀਆਂ ਹਨ।

ਆਪ ਨੇ ਬਚਪਨ ਦਾ ਬਹੁਤਾ ਸਮਾਂ ਨਾਨਕੇ-ਘਰ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਬਿਤਾਇਆ। ਨਾਨਕੇ ਘਰ ਵਿਚ ਗਰੀਬੀ ਹੋਣ ਕਰਕੇ, ਛੋਟੀ ਉਮਰ ਵਿਚ ਹੀ ਕੰਮ-ਕਾਰ ਵਿਚ ਲੱਗਣਾ ਪਿਆ। ਉਹ ਛੋਲੇ ਉਬਾਲ ਕੇ ਵੇਚਿਆ ਕਰਦੇ ਸਨ, ਜਿਸ ਨਾਲ ਨਿਰਬਾਹ ਹੁੰਦਾ ਸੀ। ਉਹ ਗੰਭੀਰ, ਸ਼ੀਲ ਸੁਭਾਅ ਵਾਲੇ, ਨਿਰਮਾਣ ਤੇ ਗੁਣਵਾਨ ਸਨ। ਘਰ ਵਿਚ ਵੱਡੇ ਪੁੱਤਰ ਹੋਣ ਕਰਕੇ ਰਿਵਾਜ ਮੁਤਾਬਿਕ ਆਪ ਨੂੰ 'ਜੇਠਾ' ਕਿਹਾ ਜਾਂਦਾ ਸੀ। ਇਤਿਹਾਸਕਾਰਾਂ ਦਾ ਕਹਿਣਾ ਹੈ ਕਿ 'ਗੋਇੰਦਵਾਲ ਜਾ ਰਹੀ ਇਕ ਸੰਗਤ ਦੇ ਨਾਲ ਜੇਠਾ ਸੀ, ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦਾ ਚਾਅ ਦਿਲ ਵਿਚ ਲਈ ਬਾਸਰਕੇ ਤੋਂ ਗੋਇੰਦਵਾਲ ਜਾ ਪਹੁੰਚੇ। ਗੋਇੰਦਵਾਲ ਪਹੁੰਚ ਕੇ ਦਿਨੇ ਘੁੰਙਣੀਆਂ ਵੇਚਣੀਆਂ ਤੇ ਸਵੇਰੇ-ਸ਼ਾਮ ਕਥਾ-ਕੀਰਤਨ ਸੁਣਨਾ ਤੇ ਸੇਵਾ ਕਰਨੀ, ਉਨ੍ਹਾਂ ਦਾ ਨਿੱਤ ਕਰਮ ਹੋ ਗਿਆ। ਉਸ ਵੇਲੇ ਕਿਸੇ ਨੂੰ ਕੀ ਪਤਾ ਸੀ ਕਿ ਗੋਇੰਦਵਾਲ ਦੀਆਂ ਗਲੀਆਂ ਵਿਚ ਫਿਰ ਕੇ ਘੁੰਙਣੀਆਂ ਵੇਚਣ ਵਾਲੇ ਇਸ ਗੱਭਰੂ ਦੇ ਨਾਂ 'ਤੇ ਅਤੁੱਟ ਲੰਗਰ ਚੱਲਣਗੇ, ਸਰਾਵਾਂ ਤੇ ਹਸਪਤਾਲ ਬਣਨਗੇ, ਸਕੂਲ ਤੇ ਕਾਲਜ ਖੁਲ੍ਹਣਗੇ ! ਭਾਈ ਜੇਠਾ ਜੀ ਦੀ ਸੇਵਾ, ਸੁਭਾਅ ਤੇ ਸਾਊਪੁਣੇ ਨੂੰ ਵੇਖ ਕੇ, ਗੁਰੂ ਅਮਰਦਾਸ ਜੀ ਨੇ ਆਪਣੀ ਪੁੱਤਰੀ ਬੀਬੀ ਭਾਨੀ ਦੀ ਸ਼ਾਦੀ ਉਨ੍ਹਾਂ ਨਾਲ ਕਰ ਦਿੱਤੀ। ਭਾਈ ਜੇਠਾ ਜੀ ਤੇ ਬੀਬੀ ਭਾਨੀ ਜੀ ਦੋਵੇਂ ਪਤੀ-ਪਤਨੀ ਸਦਾ ਬਜ਼ੁਰਗ ਪਿਤਾ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਜੁਟੇ ਰਹਿੰਦੇ।' ਸਮਾਂ ਬੀਤਦਾ ਗਿਆ। ਗੁਰੂ ਅਮਰਦਾਸ ਜੀ ਨੇ ਗੁਰਿਆਈ ਲਈ ਯੋਗ ਵਿਅਕਤੀ ਦੀ ਭਾਲ ਸ਼ੁਰੂ ਕਰ ਦਿੱਤੀ। ਪ੍ਰੀਖਿਆ ਆਰੰਭ ਹੋ ਗਈ। ਭਾਈ ਜੇਠਾ ਜੀ ਨੇ ਸੇਵਾ ਤੇ ਨਿਮਰਤਾ ਉਸੇ ਤਰ੍ਹਾਂ ਜਾਰੀ ਰੱਖੀ। ਗੁਰੂ ਅਮਰਦਾਸ ਜੀ ਦੇ ਜਵਾਈ ਹੋਣ ਦਾ ਮਾਣ ਆਪ ਦੇ ਹਿਰਦੇ 'ਚ ਕਦੇ ਨਾ ਆਇਆ। ਅੰਤ ਹਰ ਪ੍ਰਕਾਰ ਦੀ ਪ੍ਰੀਖਿਆ ਪਾਸ ਕਰਕੇ ਭਾਈ ਜੇਠਾ ਜੀ, ਗੁਰੂ-ਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਐਲਾਨੇ ਗਏ।

ਆਪ ਗੁਰੂ ਰਾਮਦਾਸ ਜੀ ਬਣ ਕੇ, ਗੁਰੂ ਨਾਨਕ ਸਾਹਿਬ ਦੀ ਗੁਰ-ਗੱਦੀ 'ਤੇ ਬਿਰਾਜਮਾਨ ਹੋਏ। ਆਪ ਜੀ 1574 ਤੋਂ 1581 ਤੱਕ 7 ਸਾਲ ਗੁਰ-ਗੱਦੀ ਤੇ ਸ਼ਸ਼ੋਭਤ ਰਹੇ। ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਇਕ ਸੰਤੁਲਿਤ ਸਿੱਖ-ਸਮਾਜ ਦੀ ਉਸਾਰੀ ਲਈ ਪੂਰੀ ਤਨਦੇਹੀ ਨਾਲ ਘਾਲਣਾ ਘਾਲੀ। ਇਸ ਸਮਾਜ ਵਿਚ ਵਾਧੂ ਤੇ ਫਜ਼ੂਲ ਰਸਮਾਂ-ਰੀਤਾਂ, ਵਹਿਮਾਂ-ਭਰਮਾਂ, ਪਾਖੰਡਾਂ ਤੇ ਕਰਮ-ਕਾਂਡਾਂ ਲਈ ਕੋਈ ਥਾਂ ਨਹੀਂ ਸੀ। ਆਪ ਨੇ ਮਨੁੱਖੀ ਮਾਨਸਿਕ ਸ਼ਕਤੀਆਂ ਨੂੰ ਅਗਿਆਨਤਾ ਦੇ ਬੰਧਨਾਂ ਤੋਂ ਮੁਕਤ ਕੀਤਾ ਤਾਂਕਿ ਉਨ੍ਹਾਂ ਸ਼ਕਤੀਆਂ ਦੀ ਠੀਕ ਵਰਤੋਂ ਹੋ ਸਕੇ। ਆਪ ਜੀ ਨੇ ਇਕ ਬੜਾ ਮਹੱਤਵਪੂਰਨ ਕਾਰਜ ਰਾਮਦਾਸਪੁਰ ਅਥਵਾ ਅੰਮ੍ਰਿਤਸਰ ਦੀ ਨੀਂਹ ਰੱਖ ਕੇ ਕੀਤਾ। 1577 ਈ. ਵਿਚ ਆਪ ਨੇ ਸੰਤੋਖਸਰ ਤੇ ਅੰਮ੍ਰਿਤਸਰ ਸਰੋਵਰਾਂ ਦੀ ਖੁਦਾਈ ਦਾ ਕਾਰਜ ਸ਼ੁਰੂ ਕਰਾਇਆ। ਆਪ ਉਥੇ ਹੀ ਰਹਿਣ ਲੱਗ ਪਏ। ਆਪ ਜੀ ਦੇ ਕਈ ਸ਼ਰਧਾਲੂ ਵੀ ਇਥੇ ਹੀ ਆ ਵਸੇ। ਪਹਿਲਾਂ ਇਸ ਥਾਂ ਦਾ ਨਾਂ 'ਚੱਕ ਗੁਰੂ' ਫੇਰ 'ਰਾਮਦਾਸ ਪੁਰਾ' ਪੈ ਗਿਆ। ਗੁਰੂ ਸਾਹਿਬ ਨੇ ਇਸ ਨਗਰ ਨੂੰ ਹਰ ਪੱਖੋਂ ਮੁਕੰਮਲ ਕਰਾਉਣ ਲਈ ਇਥੇ 52 ਕਿੱਤਿਆਂ ਦੇ ਕਾਰੀਗਰਾਂ ਨੂੰ ਲਿਆ ਕੇ ਵਸਾਇਆ। ਜੋ ਜਗ੍ਹਾ ਸਭ ਤੋਂ ਪਹਿਲਾਂ ਆਬਾਦ ਹੋਈ, ਉਸ ਦਾ ਨਾਂ 'ਗੁਰੂ ਬਜ਼ਾਰ' ਹੈ। ਅੰਮ੍ਰਿਤਸਰ ਦੀ ਆਰਥਿਕ, ਉਨਤੀ ਲਈ ਗੁਰੂ ਸਾਹਿਬ ਦੇ ਕੀਤੇ ਯਤਨਾਂ ਦੇ ਸਿੱਟੇ ਵਜੋਂ ਇਹ ਸ਼ਹਿਰ ਵਪਾਰ ਦਾ ਕੇਂਦਰ ਬਣ ਗਿਆ। ਇਸ ਸ਼ਹਿਰ ਨੂੰ ਸਰਬ-ਸਾਂਝਾ ਸ਼ਹਿਰ ਬਣਾਉਣ ਵਾਸਤੇ ਆਪ ਨੇ ਹਰ ਧਰਮ, ਫਿਰਕੇ ਅਤੇ ਕਿੱਤੇ ਵਾਲੇ ਲੋਕਾਂ ਨੂੰ ਇਥੇ ਵੱਸਣ ਵਾਸਤੇ ਉਤਸ਼ਾਹਤ ਕੀਤਾ ਤੇ ਸਹੂਲਤਾਂ ਦਿੱਤੀਆਂ। ਗੁਰੂ ਰਾਮਦਾਸ ਜੀ ਨੇ ਆਪਣੇ ਜੀਵਨ ਦਾ ਕਾਫੀ ਸਮਾਂ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਦਰਿਆ ਬਿਆਸ ਦੀ ਰਮਣੀਕ, ਇਕਾਂਤ ਵਿਚ ਗੁਜਾਰਿਆ ਸੀ। ਇਸ ਲਈ ਆਪ ਦਾ ਹਿਰਦਾ ਬੜਾ ਕੋਮਲ, ਬੋਲ ਬੜੇ ਮਿੱਠੇ ਤੇ ਸਖ਼ਸ਼ੀਅਤ ਬੜੀ ਪ੍ਰਭਾਵਸ਼ਾਲੀ ਸੀ। ਆਪ ਚਿੱਤ ਦੇ ਇਤਨੇ ਭਾਵੁਕ ਸਨ ਕਿ ਜਦੋਂ ਭਰੇ ਦਰਬਾਰ ਵਿਚ ਗੁਰੂ ਅਮਰਦਾਸ ਜੀ ਨੇ ਆਪ ਨੂੰ ਗੁਰ-ਗੱਦੀ 'ਤੇ ਸ਼ਸ਼ੋਭਤ ਕੀਤਾ ਤਾਂ ਆਪ ਨੇ ਸਭ ਤੋਂ ਪਹਿਲਾਂ ਉਨ੍ਹਾਂ ਅੱਗੇ ਮੱਥਾ ਟੇਕਿਆ ਤਾਂ ਆਪ ਜੀ ਨੇ ਵੈਰਾਗ ਵਿਚ ਆ ਕੇ ਜੋ ਬਚਨ ਉਚਾਰੇ, ਉਹ ਦਿਲਾਂ ਵਿਚ ਧੂਹ ਪਾਉਣ ਵਾਲੇ ਹਨ।

ਆਪ ਜੀ ਦੀ ਬਾਣੀ ਕੇਵਲ ਸੁਹਜ ਸੁਆਦ ਹੀ ਨਹੀਂ ਦੇਂਦੀ, ਸਗੋਂ ਜੀਵਨ ਦੇ ਡੂੰਘੇ ਮਰਮ ਵੀ ਸਮਝਾਉਂਦੀ ਹੈ। ਆਪ ਜੀ ਦੀ ਬਾਣੀ ਆਪ ਮੁਹਾਰੇ ਵਗਦੇ ਸੀਤਲ ਜਲ ਦੇ ਚਸ਼ਮੇ ਵਾਂਗ ਹੈ, ਜਿਸ ਨੂੰ ਸਮਝਿਆ ਤੇ ਮਾਣਿਆ ਅੰਦਰ ਠੰਡ ਪੈਂਦੀ ਹੈ, ਅੰਮ੍ਰਿਤ ਝਰਦਾ ਹੈ, ਸ਼ਾਂਤੀ ਆਉਂਦੀ ਹੈ, ਅਸ਼ਾਂਤੀ ਦੂਰ ਹੁੰਦੀ ਹੈ। ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹੱਤਵਪੂਰਨ ਤੇ ਵੱਡਾ ਭਾਗ ਹੈ। ਗੁਰੂ ਰਾਮਦਾਸ ਜੀ ਨੇ ਸਿੱਖਾਂ ਨੂੰ ਪਵਿੱਤਰ ਸਰੋਵਰ ਦੇ ਕੇ ਉਨ੍ਹਾਂ ਨੂੰ ਖਾਸ ਤੌਰ 'ਤੇ ਸੰਗਠਿਤ ਕੀਤਾ। ਅੰਮ੍ਰਿਤਸਰ ਸਰੋਵਰ ਤੇ ਹਰਿਮੰਦਰ ਸਾਹਿਬ ਸਿੱਖਾਂ ਦੀ ਜਿੰਦ-ਜਾਨ ਹੈਨ, ਦੇਹ-ਪ੍ਰਾਣ ਹੈਨ। ਇਨ੍ਹਾਂ ਤੋਂ ਵਿਛੁੜ ਕੇ ਅਸੀਂ ਮਰ ਜਾਂਦੇ ਹਾਂ। ਜਦੋਂ ਇਨ੍ਹਾਂ ਨਾਲ ਜੁੜੇ ਰਹਿੰਦੇ ਹਾਂ, ਇਨ੍ਹਾਂ ਦੀ ਸੇਵਾ-ਸੰਭਾਲ 'ਚ ਜੁਟੇ ਰਹਿੰਦੇ ਹਾਂ ਤਾਂ ਜਿਉ ਪੈਂਦੇ ਹਾਂ, ਚੜ੍ਹਦੀਆਂ ਕਲਾਂ ਵਿਚ ਰਹਿੰਦੇ ਹਾਂ। ਰਾਜ ਕਰਦੇ ਹਾਂ। ਇਸੇ ਲਈ ਕਰੋੜਾਂ ਸਿੱਖ ਹਰ ਰੋਜ਼ ਅਰਦਾਸ ਕਰਦੇ ਹਨ: 'ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ !!!

ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ, ਉਦੋਂ ਵੀ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ-ਇਸ਼ਨਾਨ ਕਰ ਜਾਂਦੇ ਸਨ। ਜ਼ਾਲਮਾਂ ਪਾਸ ਸਿੰਘਾਂ ਨੂੰ ਮਾਰਨ ਤੇ ਜ਼ਲੀਲ ਕਰਨ ਦਾ ਇਕੋ ਹੀ ਹਥਿਆਰ ਸੀ, ਉਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਤੋਂ ਵਾਂਝਿਆਂ ਕਰਨਾ।

ਆਓ ! ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਪ੍ਰਕਾਸ਼ ਦਿਵਸ 'ਤੇ ਅਸੀਂ ਇਕ ਮਨ ਹੋ ਕੇ ਅਰਦਾਸ ਕਰੀਏ ਕਿ ਵਾਹਿਗੁਰੂ ਜੀ ਸਾਨੂੰ ਆਪਣੇ ਚਰਨਾਂ ਨਾਲ ਜੋੜੇ ਅਤੇ ਸਰਬੱਤ ਦਾ ਭਲਾ ਕਰਨ ਦੀ ਸਮਰੱਥਾ ਬਖ਼ਸ਼ੇ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ




**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
**S. Surinder Singh Ruby ETO (Retd.)**
M.: 98141-28181

## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98140-62091
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥**
**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥**

## ਕਤਿਕਿ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 28-10-2023 (ਸ਼ਨੀਵਾਰ)**
**ਸੰਗਰਾਂਦ - 17-10-2023 (ਮੰਗਲਵਾਰ)**
**ਮੱਸਿਆ - 14-10-2023 (ਸ਼ਨੀਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 124 | ਅਕਤੂਬਰ - 2023



1. ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ 4
2. ਆਸਾ ਦੀ ਵਾਰ ਦਾ ਭਾਵ 6
3. ਪੰਜਾਬੀ ਭਾਸ਼ਾ ਦੀ ਉਤਪਤੀ 8
4. ਗੁਰ ਸਾਗਰ ਦੇ ਸੁੱਚੇ ਮੋਤੀ 12
5. ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ 13
6. ਬਾਬਾ ਬੁੱਢਾ ਜੀ ਜਨਮ ਦਿਨ 'ਤੇ ਵਿਸ਼ੇਸ਼ 14
7. ਸ. ਹਰੀ ਸਿੰਘ ਨਲੂਆ 16
8. ਸਤੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 18
9. ਜੀਵਨ ਵਿਕਾਸ – ਇਕ ਸੰਘਰਸ਼ 20
10. ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ 21
11. ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ 23
12. ਪੰਜਾਬੀ ਦੇ ਲਹਿਜੇ 24
13. ਅਪਾਹਜ 26
14. ਆਓ ਜਾਣੀਏ! 28
15. ਸਿਹਤ ਸੰਭਾਲ 29
16. ਕਾਵਿ-ਕਿਆਰੀ 31
17. ਸ਼ਬਦਾਂ ਦੇ ਸੰਜੋਗ 32
18. वातावरण में बढ़ता शोर 33
19. Application Form 34
20. Science and Technology 38
21. Matrimonial 40
22. ਦਾਨੀ ਸੱਜਣਾਂ ਦੀ ਸੂਚੀ 41



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Harbhajan Singh for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**

### *30 ਅਕਤੂਬਰ ਨੂੰ ਪ੍ਰਕਾਸ਼ ਦਿਹਾੜੇ ’ਤੇ ਵਿਸ਼ੇਸ਼*

# ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ



ਸਿੱਖ ਧਰਮ ਦੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਸੇਵਾ, ਪ੍ਰੇਮਾ-ਭਗਤੀ ਤੇ ਸਦ ਗੁਣਾਂ ਨਾਲ ਭਰਪੂਰ ਹੈ। ਆਪ ਦਾ ਜੀਵਨ ਸਾਧਾਰਨ ਪਰਿਵਾਰ ਤੋਂ ਆਰੰਭ ਹੋਇਆ ਅਤੇ ਆਪ ਨਿਸ਼ਕਾਮ ਸੇਵਾ ਤੇ ਸੱਚੇ ਸਿਦਕ ਕਰਕੇ ਗੁਰਗੱਦੀ ’ਤੇ ਬਿਰਾਜਮਾਨ ਹੋਏ। ਆਪ ਜੀ ਨੇ ਸਿੱਖੀ ਦੇ ਬੂਟੇ ਨੂੰ ਪ੍ਰਫੁੱਲਿਤ ਕਰਨ ਲਈ ਅਨੇਕਾਂ ਕਾਰਜ ਕੀਤੇ। ਇਸ ਸਿੱਖੀ ਦੇ ਬੂਟੇ ਦੀ ਜੜ੍ਹ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਲਾਈ ਸੀ ਅਤੇ ਇਸ ਬੂਟੇ ਦੀ ਪ੍ਰਫੁੱਲਤਾ ਤੇ ਸਾਂਭ ਸੰਭਾਲ ਲਈ ਅੱਗੋਂ ਦਿਸ਼ਾ ਵੀ ਜੀਵਨ ਕਾਲ ’ਚ ਹੀ ਤੈਅ ਕਰ ਗਏ ਸਨ। ਇਸ ਤਰ੍ਹਾਂ ਸਿੱਖੀ ਜੀਵਨ ਜਾਚ ਸਿਖਾਉਣ, ਅੱਗੋਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਕਾਰਜ ਲਈ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਫਿਰ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਪ੍ਰਾਪਤ ਹੋਈ। ਸ੍ਰੀ ਗੁਰੂ ਰਾਮਦਾਸ ਜੀ ਨੇ ਚੌਥੇ ਗੁਰੂ ਦੇ ਰੂਪ ਵਿਚ ਗੁਰੂ-ਜੋਤ ਨੂੰ ਧਾਰਨ ਕੀਤਾ ਅਤੇ ਲੋਕਾਈ ਨੂੰ ਆਤਮਿਕ, ਧਾਰਮਿਕ ਅਤੇ ਸਮਾਜਿਕ ਤੌਰ ’ਤੇ ਰੌਸ਼ਨ ਕੀਤਾ, ਭਾਵ ਜੀਵਨ ਦੇ ਹਰ ਪੱਖ ਨੂੰ ਸਾਰਥਿਕ ਬਣਾਉਣ ਲਈ ਜੁਗਤਿ ਸਮਝਾਈ। ਗੁਰੂ ਸਾਹਿਬ ਜੀ ਦੀ ਵਡਿਆਈ ਨੂੰ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਨੇ ਪਾਵਨ ਗੁਰਬਾਣੀ ਅੰਦਰ ਬਿਆਨ ਕੀਤਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਸੰਨ 1534 ਵਿਚ ਪਿਤਾ ਸ੍ਰੀ ਹਰਿਦਾਸ ਜੀ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਆਪ ਜੀ ਦੀ ਉਮਰ ਅਜੇ 2 ਸਾਲ ਹੀ ਸੀ ਕਿ ਆਪ ਜੀ ਦੀ ਮਾਤਾ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਆਪ ਜੀ ਦੇ ਪਿਤਾ ਨੇ ਬੜੇ ਪਿਆਰ ਨਾਲ ਇਨ੍ਹਾਂ ਦੀ ਪਾਲਣਾ ਕੀਤੀ। ਆਪ ਜੀ ਦੀ ਉਮਰ ਅਜੇ 7 ਸਾਲ ਹੀ ਹੋਈ ਸੀ ਕਿ ਪਿਤਾ ਜੀ ਵੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਸਮੇਂ ਦੀ ਪਰੰਪਰਾ ਅਨੁਸਾਰ ਵੱਡੇ ਪੁੱਤਰ ਨੂੰ ‘ਜੇਠਾ’ ਕਿਹਾ ਜਾਂਦਾ ਸੀ, ਜਿਸ ਕਰਕੇ ਪ੍ਰਾਰੰਭਕ ਰੂਪ ਵਿਚ ਆਪ ਜੀ ‘ਭਾਈ ਜੇਠਾ ਜੀ’ ਦੇ ਨਾਂਅ ਨਾਲ ਜਾਣੇ ਜਾਂਦੇ ਰਹੇ। ਛੋਟੀ ਉਮਰ ਵਿਚ ਹੀ ਆਪ ਜੀ ਦੇ ਮਾਤਾ-ਪਿਤਾ ਦਾ ਸਿਰ ਤੋਂ ਸਾਇਆ ਉੱਠਣ ਕਰਕੇ ਪਰਿਵਾਰਕ ਨਿਰਬਾਹ ਲਈ ਆਪ ਨੂੰ ਘੁੰਗਣੀਆਂ ਵੇਚਣੀਆਂ ਪਈਆਂ। ਇਤਿਹਾਸ ਅਨੁਸਾਰ ਆਪ ਜੀ ਦੇ ਨਾਨੀ ਆਪ ਨੂੰ ਬਾਸਰਕੇ ਲੈ ਆਏ। ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਆਪ ਬਾਸਰਕੇ ਗਿੱਲਾਂ ਤੋਂ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਆਪ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਅਤੇ ਨੇਕ ਸੁਭਾਅ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਆਪ ਜੀ ਨਾਲ ਕਰ ਦਿੱਤਾ। ਗੁਰੂ-ਘਰ ਦਾ ਦਾਮਾਦ ਬਣ ਕੇ ਵੀ ਆਪ ਜੀ ਨੇ ਲੋਕ-ਲਾਜ ਦੀ ਪ੍ਰਵਾਹ ਨਾ ਕੀਤੀ ਅਤੇ ਦਿਨ-ਰਾਤ ਗੁਰੂ-ਘਰ ਦੀ ਸੇਵਾ ਵਿਚ ਤੱਤਪਰ ਰਹੇ। ਇਕ ਵਾਰ ਲਾਹੌਰ ਤੋਂ ਆਏ ਸ਼ਰੀਕੇ ਵਾਲਿਆਂ ਨੇ ਮਿਹਣਾ ਵੀ ਮਾਰਿਆ। ਸੰਖੇਪ ਵਿਚ ਵਾਕਿਆਤ ਇਸ ਤਰ੍ਹਾਂ ਹੈ ਕਿ ਆਪ ਸ੍ਰੀ ਗੁਰੂ ਅਮਰਦਾਸ ਜੀ ਦੀ ਰਹਿਨੁਮਾਈ ਹੇਠ ਬਾਉਲੀ ਦੀ ਕਾਰ ਵਿਚ ਤਨੋਂ-ਮਨੋਂ ਖੁੱਭੇ ਹੋਏ ਸਨ। ਲਾਹੌਰ ਤੋਂ ਕੁਝ ਸ਼ਰੀਕੇ ਵਾਲੇ ਸ੍ਰੀ ਗੋਇੰਦਵਾਲ ਸਾਹਿਬ ਆਏ। ਆਪ ਨੂੰ ਟੋਕਰੀ ਢੋਂਦੇ ਅਤੇ ਬਸਤਰ ਚਿੱਕੜ ਨਾਲ ਲਿਬੜੇ ਹੋਏ ਵੇਖ ਕੇ ਉਨ੍ਹਾਂ ਨੇ ਬੁਰਾ ਮਨਾਇਆ। ਜਦੋਂ ਗੱਲ ਸ੍ਰੀ ਗੁਰੂ ਅਮਰਦਾਸ ਜੀ ਪਾਸ ਪਹੁੰਚੀ ਤਾਂ ਪਾਤਸ਼ਾਹ ਬਖਸ਼ਿਸ਼ਾਂ ਦੇ ਘਰ ਵਿਚ ਆ ਗਏ। ਤੀਸਰੇ ਸਤਿਗੁਰੂ ਜੀ ਦੇ ਮੂੰਹੋਂ ਨਿਕਲਿਆ, ਇਹ ਚਿੱਕੜ ਨਹੀਂ ਵਡਿਆਈ ਦਾ ਕੇਸਰ ਤੇ ਗੁਲਾਲ ਹੈ। ਸਿਰ ‘ਤੇ ਆਮ ਟੋਕਰੀ ਨਹੀਂ, ਸਗੋਂ ਪਾਤਸ਼ਾਹੀ ਛਤਰ ਝੁਲਣ ਦਾ ਨਿਸ਼ਾਨ ਹੈ।


**ਸੰਪਾਦਕ**
**ਭਗਵਾਨ ਸਿੰਘ ਲੁਬਾਣਾ**
**98155-40240**




‘ਮਸੰਦ’ ਪ੍ਰਣਾਲੀ ਦਾ ਆਰੰਭ ਵੀ ਆਪ ਦਾ ਇਕ ਅਹਿਮ ਫ਼ੈਸਲਾ ਸੀ। ਮਸੰਦਾਂ ਨੇ ਗੁਰੂ ਘਰ ਦੇ ਪ੍ਰਚਾਰ-ਪ੍ਰਸਾਰ ਲਈ ਅਹਿਮ ਭੂਮਿਕਾ ਨਿਭਾਈ। ਮਸੰਦ ਸਿੱਖੀ ਦੇ ਉਹ ਪ੍ਰਚਾਰਕ ਸਨ ਜੋ ਸੰਗਤਾਂ ਤੋਂ ਗੁਰੂ-ਘਰ ਲਈ ਭੇਟਾ ਇਕੱਠੀ ਕਰਦੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਇਸੇ ਤਰ੍ਹਾਂ ਹੀ ਸ੍ਰੀ ਗੁਰੂ

ਰਾਮਦਾਸ ਜੀ ਨੇ ਸਿੱਖੀ ਦੀਆਂ ਪਰੰਪਰਾਵਾਂ ਦੇ ਪਾਲਣ ਲਈ ਸੰਗਤਾਂ ਨੂੰ ਪ੍ਰੇਰਿਆ ਅਤੇ ਸਿੱਖੀ ਮਰਯਾਦਾ ਨੂੰ ਹੋਰ ਪੱਕਿਆਂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਆਰੰਭ ਕੀਤੀ ਗਈ ਲੰਗਰ ਦੀ ਮਰਯਾਦਾ ਨੂੰ ਅੱਗੇ ਤੋਰਨ ਵਿਚ ਵੀ ਆਪ ਦਾ ਵਡਮੁੱਲਾ ਯੋਗਦਾਨ ਹੈ।



ਇਸ ਤਰ੍ਹਾਂ ਆਪ ਜੀ ਦੀ ਨਿਮਰਤਾ ਅਤੇ ਸਦਗੁਣਾਂ ਨੂੰ ਦੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਆਪ ਨੂੰ ਸੌਂਪੀ ਦਿੱਤੀ। ਗੁਰਗੱਦੀ 'ਤੇ ਸੁਭਾਏਮਾਨ ਹੋਣ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੀ ਬੁਲੰਦੀ ਅਤੇ ਚੜ੍ਹਦੀ ਕਲਾ ਲਈ ਅਨੇਕਾਂ ਕਾਰਜ ਕੀਤੇ ਜਿਸ ਨਾਲ ਗੁਰੂ ਘਰ ਦੀ ਵਡਿਆਈ ਚੁਫੇਰੇ ਫੈਲੀ। ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਆਪ ਜੀ ਦਾ ਇਕ ਅਹਿਮ ਕਾਰਜ ਹੈ। ਸ੍ਰੀ ਗੁਰੂ ਰਾਮਦਾਸ ਜੀ ਤੀਸਰੇ ਪਾਤਸ਼ਾਹ ਜੀ ਦੇ ਹੁਕਮ ਨਾਲ ਇਥੇ ਆਏ ਅਤੇ ਸਰੋਵਰ ਦੀ ਖੁਦਵਾਈ ਆਰੰਭ ਕਰਵਾਈ। ਇਹ ਸਰੋਵਰ 'ਸੰਤੋਖਸਰ' ਦੇ ਨਾਂਅ ਨਾਲ ਪ੍ਰਸਿੱਧ ਹੋਇਆ। ਇਸੇ ਦੌਰਾਨ ਆਪ ਨੇ ਨਗਰ 'ਗੁਰੂ ਕਾ ਚੱਕ' ਵਸਾਇਆ, ਜੋ ਬਾਅਦ ਵਿਚ 'ਰਾਮਦਾਸਪੁਰ/ਚੱਕ ਰਾਮਦਾਸ' ਦੇ ਨਾਂਅ ਨਾਲ ਜਾਣਿਆ ਗਿਆ ਅਤੇ ਫਿਰ 'ਸ੍ਰੀ ਅੰਮ੍ਰਿਤਸਰ' ਵਜੋਂ ਮਸ਼ਹੂਰ ਹੋਇਆ। ਆਪ ਨੇ ਇਥੇ ਵੱਸਣ ਲਈ ਸੰਗਤਾਂ ਨੂੰ ਪ੍ਰੇਰਿਆ। ਇਸ ਨਗਰ ਨੂੰ ਆਬਾਦ ਕਰਨ ਲਈ ਆਪ ਨੇ ਵੱਖ-ਵੱਖ ਹੁਨਰਾਂ ਦੇ ਕਿਰਤੀਆਂ ਨੂੰ ਇਥੇ ਵਸਾਇਆ। ਇਤਿਹਾਸ ਅਨੁਸਾਰ ਇਹ ਵੱਖ-ਵੱਖ ਤਰ੍ਹਾਂ ਦੇ 52 ਕਿੱਤਿਆਂ ਨਾਲ ਸਬੰਧਿਤ ਲੋਕ ਸਨ। ਸ੍ਰੀ ਗੁਰੂ ਰਾਮਦਾਸ ਜੀ ਵਲੋਂ ਵਸਾਇਆ ਇਹ ਨਗਰ ਮਨੁੱਖੀ ਬਰਾਬਰੀ ਅਤੇ ਭਰਾਤਰੀ ਭਾਵ ਦੀ ਇਕ ਮਿਸਾਲ ਬਣਿਆ। ਆਪ ਨੇ ਇਥੇ ਵੱਖ-ਵੱਖ ਸ਼੍ਰੇਣੀਆਂ ਦੇ ਲੋਕ ਵਸਾਏ ਸਨ।

ਆਪ ਜੀ ਨੇ ਧੁਰ ਕੀ ਬਾਣੀ ਦਾ ਅਮੁੱਲ ਤੇ ਵੱਡਾ ਭੰਡਾਰ ਮਨੁੱਖਤਾ ਦੀ ਝੋਲੀ ਪਾਇਆ। ਗੁਰੂ ਪਾਤਸ਼ਾਹ ਦੀ ਬਾਣੀ ਮਨੁੱਖ ਮਾਤਰ ਲਈ ਸੁੱਖਾਂ ਦਾ ਖ਼ਜ਼ਾਨਾ ਤੇ ਆਤਮਿਕ ਅਨੰਦ ਪ੍ਰਦਾਨ ਕਰਨ ਵਾਲੀ ਹੈ। ਇਸ ਵਿਚ ਮਨੁੱਖ ਮਾਤਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਇਹ ਸਾਡੀ ਅਧਿਆਤਮਿਕ ਤੇ ਸਮਾਜਿਕ ਅਗਵਾਈ ਕਰਦੀ ਹੋਈ ਚੰਗਾ ਜੀਵਨ ਜਿਊਣ ਲਈ ਮਾਰਗ-ਦਰਸ਼ਨ ਦਿੰਦੀ ਹੈ।

ਆਉ, ਆਪਾਂ ਸਾਰੇ ਗੁਰੂ ਸਾਹਿਬ ਦੇ ਮਹਾਨ ਜੀਵਨ ਨੂੰ ਯਾਦ ਕਰਦਿਆਂ ਆਪਣੇ ਅੰਦਰ ਨਿਮਰਤਾ, ਸੇਵਾ ਅਤੇ ਸਿਮਰਨ ਦੇ ਭਾਵ ਪੈਦਾ ਕਰਦੇ ਹੋਏ ਸਿੱਖ-ਪੰਥ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ।

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# "ਆਸਾ ਦੀ ਵਾਰ ਦਾ ਭਾਵ"




ਗੁਰਚਰਨ ਸਿੰਘ
ਸੀਨੀਅਰ ਵਾਇਸ ਪ੍ਰਧਾਨ
(ਹੈੱਡ ਕੁਆਰਟਰ)


**ਆਸਾ ਦੀ ਵਾਰ ਭਾਵ ਬਾਰੇ ਚਰਚਾ ਦਾ ਮੁੱਖ ਮੰਤਵ ਨਵੀਂ ਪੀੜ੍ਹੀ ਅਤੇ ਰੁਚੀ ਰੱਖਣ ਵਾਲੇ ਜਗਿਆਸੂਆਂ ਦੀ ਜਾਣਕਾਰੀ ਹਿੱਤ ਹੈ। ਆਮ ਤੌਰ ਤੇ ਬਹੁਤ ਪ੍ਰੇਮੀ ਸਿਰਫ਼ ਪਾਠ ਸੁਣਦੇ ਹਨ; ਪ੍ਰੰਤੂ ਵਿਰਲੇ ਹੀ ਵਿਚਾਰ ਕਰਕੇ ਜ਼ਿਆਦਾ ਸਮਝਣ ਵੱਲ ਕਦਮ ਪੁੱਟਦੇ ਹਨ।**

ਗੁਰੂ ਅਰਜਨ ਸਾਹਿਬ ਜੀ ਤੋਂ ਪਹਿਲਾਂ '**ਆਸਾ ਦੀ ਵਾਰ**' ਦੀ ਕੀ ਸ਼ਕਲ ਸੀ-ਇਸ ਗੱਲ ਦਾ ਨਿਰਣਾ '**ਸਲੋਕ ਭੀ ਮਹਲੇ ਪਹਿਲੇ ਕੇ ਲਿਖੇ**' ਦੇ ਸਿਰਲੇਖ ਵਿਚ ਹੀ ਸਪੱਸ਼ਟ ਹੋ ਜਾਂਦਾ ਹੈ ਕਿ '**ਵਾਰ**' ਕੇਵਲ ਪਉੜੀਆਂ ਹੀ ਸੀ। '**ਆਸਾ ਦੀ ਵਾਰ**' ਦਾ ਕੇਵਲ ਮੁੱਖ ਭਾਵ ਦਾ ਸੰਬੰਧ ਪਉੜੀਆਂ ਦੇ ਭਾਵ ਨਾਲ ਹੈ। ਸੋ '**ਆਸਾ ਦੀ ਵਾਰ**' ਦਾ ਮੁੱਖ ਭਾਵ ਕੇਵਲ ਪਉੜੀਆਂ ਦਾ ਹੀ ਮੁੱਖ ਭਾਵ ਹੈ। '**ਆਸਾ ਦੀ ਵਾਰ**' ਦੇ ਸਾਰੇ ਮਜਮੂਨ ਦੀ ਇਕ ਲੜੀ ਬਣਦੀ ਹੈ। ਜੇਕਰ ਕੇਵਲ ਪਉੜੀਆਂ ਦਾ ਪਾਠ ਰਤਾ ਰਾਹੁ ਨਾਲ ਕਰਕੇ ਵੇਖਿਆ ਜਾਵੇ ਤਾਂ ਸਾਰੀਆਂ ਪਉੜੀਆਂ ਕਿਵੇਂ ਇਕੋ ਹੀ ਸੁੰਦਰ ਮਜਮੂਨ ਵਿਚ ਪਰੋਈਆਂ ਹੋਈਆਂ ਹਨ। ਸੋ '**ਵਾਰ**' ਦਾ ਇਕੋ ਮਜਮੂਨ ਹੈ, ਜਿਥੇ ਭੀ ਉਚਾਰੀ ਹੈ ਸਾਰੀ ਇਕੱਠੀ ਹੀ ਉਚਾਰੀ ਹੈ।

ਸਾਰੀ ਗੁਰਬਾਣੀ ਨੂੰ ਤਰਤੀਬ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਇਕੱਤਰ ਕਰਾਉਣ ਵਾਲੇ **ਸ੍ਰੀ ਗੁਰੂ ਅਰਜਨ ਦੇਵ** ਜੀ ਸਨ। ਵਖੋ-ਵੱਖਰੇ ਸ਼ਬਦਾਂ ਅਤੇ ਬਾਣੀਆਂ ਦੇ ਮੁੱਢ ਵਿਚ ਸਿਰਲੇਖ ਭੀ **ਗੁਰੂ ਅਰਜਨ ਸਾਹਿਬ ਜੀ** ਨੇ ਹੀ ਭਾਈ ਗੁਰਦਾਸ ਜੀ ਤੋਂ ਲਿਖਾਏ। '**ਆਸਾ ਦੀ ਵਾਰ**' ਦੇ ਮੁੱਢ 'ਤੇ ਭੀ ਇਹ ਪੰਕਤੀ '**ਸਲੋਕ ਭੀ ਮਹਲੇ ਪਹਿਲੇ ਕੇ ਲਿਖੇ**' ਉਹਨਾਂ ਦੀ ਹੀ ਲਿਖਾਈ ਹੋਈ ਹੈ। ਉਹ ਆਪ ਹੀ ਲਿਖ ਰਹੇ ਹਨ ਕਿ ਇਸ ਵਾਰ ਦੇ '**ਨਾਲਿ**' ਸਲੋਕ ਭੀ ਅਸਾਂ ਮਹਲੇ ਪਹਿਲੇ ਕੇ ਲਿਖ ਦਿੱਤੇ ਹਨ। ਸੋ ਪਉੜੀ ਪਹਿਲੀ ਵਿਚ 3, ਦੂਜੀ ਵਿਚ 3, ਤੀਜੀ ਵਿਚ 2, ਚੌਥੀ ਵਿਚ 2, ਪੰਜਵੀਂ ਵਿਚ 2, ਛੇਵੀਂ ਵਿਚ 2 ਸਲੋਕ ਜੋੜੇ ਗਏ ਸਨ। ਏਸੇ ਤਰ੍ਹਾਂ ਸੱਤਵੀਂ ਪਉੜੀ ਤੋਂ 24 ਪਉੜੀ ਤੱਕ 2 ਤੋਂ ਲੈ ਕੇ 5 ਸਲੋਕ ਜੋੜੇ ਗਏ ਹਨ। ਇਸ ਤੋਂ ਇਹ ਗੱਲ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਗ ਹੋਣ ਤੋਂ ਪਹਿਲਾਂ '**ਆਸਾ ਦੀ ਵਾਰ**' ਕੇਵਲ 24 ਪਉੜੀਆਂ ਹੀ ਸੀ। ਸਾਰੇ ਗੁਰ-ਮਹਲਾਂ ਦੀ ਅਤੇ ਭਗਤਾਂ ਆਦਿਕਾਂ ਦੀ ਬਾਣੀ ਨੂੰ ਤਰਤੀਬ ਦੇਣ ਵੇਲੇ ਗੁਰੂ ਅਰਜਨ ਸਾਹਿਬ ਜੀ ਨੇ ਸਭ ਤੋਂ ਪਹਿਲਾਂ ਹਰੇਕ ਰਾਗ ਦੇ '**ਸ਼ਬਦ**', ਫੇਰ '**ਅਸਟਪਦੀਆਂ**', '**ਛੰਤ**' ਤੇ '**ਵਾਰ**' ਆਦਿਕ ਲਿਖਾਏ, ਅਤੇ ਰਾਗ ਦੇ ਅਖੀਰ ਵਿਚ ਭਗਤਾਂ ਦੇ ਸ਼ਬਦ ਲਿਖਾਏ। ਏਸੇ ਤਰ੍ਹਾਂ ਸਾਰੇ ਗੁਰ-ਮਹਲਾਂ ਦੇ ਸਲੋਕਾਂ ਨੂੰ ਆਪ ਨੇ ਵਾਰਾਂ ਦੀਆਂ ਪਉੜੀਆਂ ਦੇ ਨਾਲ ਦੋ ਦੋ ਤਿੰਨ ਤਿੰਨ ਕਰਕੇ ਜੋੜ ਦਿੱਤਾ। ਜਿਹੜੇ ਸਲੋਕ ਵਧ ਰਹੇ, ਉਹਨਾਂ ਨੂੰ ਬੀੜ ਦੇ ਅਖੀਰ ਵਿਚ ਦਰਜ ਕੀਤਾ ਤੇ ਸਿਰਲੇਖ ਵਜੋਂ ਲਿਖਿਆ '**ਸਲੋਕ ਵਾਰਾਂ ਤੇ ਵਧੀਕ**'।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਲੋਕ ਜਾਂ ਸ਼ਬਦ ਆਦਿਕ ਆਮ ਤੌਰ ਤੇ ਕਿਸੇ ਖਾਸ ਇਤਿਹਾਸਿਕ ਸਾਖੀ ਸੰਬੰਧੀ ਹਨ, ਪਰ ਉਨ੍ਹਾਂ ਦਾ ਮੁੱਖ ਭਾਵ ਹਰ ਵੇਲੇ ਹਰੇਕ ਮਨੁੱਖ ਦੇ ਜੀਵਨ ਤੇ ਘਟ ਸਕਦਾ ਹੈ। ਇਸ ਗੱਲ ਦੀ ਲੋੜ ਨਹੀਂ ਹੈ ਕਿ ਜੇ ਉਹੋ ਜਿਹੀ ਇਤਿਹਾਸਿਕ ਘਟਨਾ ਵਰਤੋਂ ਵਿਚ ਆਵੇ, ਤਦੋਂ ਹੀ ਕੋਈ ਸ਼ਬਦ ਜਾਂ ਸਲੋਕ ਢੁਕ ਸਕੇਗਾ। ਸੋ '**ਆਸਾ ਦੀ ਵਾਰ**' ਦੇ ਸਲੋਕਾਂ ਦਾ ਸਾਖੀ ਵਾਲਾ ਸੰਬੰਧ ਪਉੜੀਆਂ ਦੇ ਨਾਲ ਨਹੀਂ ਹੈ ਕੇਵਲ ਮੁਖ ਭਾਵ ਦਾ ਸੰਬੰਧ ਪਉੜੀਆਂ ਦੇ ਭਾਵ ਨਾਲ ਹੈ। ਜੇ ਜਗਿਆਸੂ ਸਲੋਕਾਂ ਦੀਆਂ ਸਾਖੀਆਂ ਨੂੰ ਛੱਡ ਕੇ '**ਸਾਂਝੇ ਉਪਦੇਸ਼**', '**ਮੁਖ-ਭਾਵ**' ਨੂੰ ਰਤਾ ਵਿਚਾਰ ਨਾਲ ਸੋਚਣਗੇ ਤਾਂ ਪਰਤੱਖ ਪ੍ਰਗਟ ਹੋ ਜਾਏਗਾ ਕਿ ਹਰੇਕ ਸਲੋਕ ਜਿਸ ਪਉੜੀ ਦੇ ਨਾਲ ਦਰਜ ਹੈ ਉਥੇ ਉਸ ਦਾ ਮੁਖ-ਭਾਵ ਪਉੜੀ ਨਾਲ ਮਿਲਦਾ ਹੈ।

ਇਸੇ ਤਰ੍ਹਾਂ '**ਮਾਝ ਕੀ ਵਾਰ**' ਦੇ ਮੁਖ ਉਪਦੇਸ਼ ਦਾ ਜ਼ਿਕਰ ਕਰਨ ਵੇਲੇ ਸਲੋਕਾਂ ਦਾ ਹਵਾਲਾ ਦੇ ਕੇ ਅਮੁਕਾ ਉਪਦੇਸ਼ ਕਿਸੇ ਖਾਸ ਇਤਿਹਾਸਿਕ ਸਾਖੀ ਨਾਲ ਗਲਤ ਹੈ। '**ਮਾਝ ਕੀ ਵਾਰ**' ਕੇਵਲ ਪਉੜੀਆਂ ਹਨ, ਇਸ ਵਾਸਤੇ '**ਵਾਰ**' ਦਾ ਮੁਖ ਭਾਵ ਕੇਵਲ ਪਉੜੀਆਂ ਦਾ ਹੀ ਮੁਖ-ਭਾਵ ਹੋ ਸਕਦਾ ਹੈ।

ਸਲੋਕਾਂ ਦੇ ਵੱਖਰੇ ਮਜਮੂਨ ਹੀ ਦੱਸ ਰਹੇ ਹਨ ਕਿ ਸਭ ਵਖੋ-ਵੱਖਰੇ ਸਮੇਂ ਲੋੜ ਅਨੁਸਾਰ ਉਚਾਰੇ ਗਏ ਹਨ। ਪਰ ਕੋਈ ਮਨੁੱਖ ਇਹ ਨਹੀਂ ਆਖ ਸਕਦਾ ਕਿ ਇਹ ਸਾਰੀ '**ਵਾਰ**' ਸਾਰੇ ਸਲੋਕਾਂ ਸਮੇਤ **ਗੁਰੂ ਨਾਨਕ ਦੇਵ ਜੀ** ਨੇ ਉਸ ਜਨੇਊ ਦੇ ਸਮੇਂ ਪਾਂਧੇ ਨੂੰ ਉਪਦੇਸ਼ ਦੇਣ ਵਾਸਤੇ ਉਚਾਰੀ ਸੀ। ਜਨੇਊ ਦੇ ਸਲੋਕਾਂ ਦੀ ਸਾਖੀ ਦਾ '**ਆਸਾ ਦੀ ਵਾਰ**' ਦੀ 15 ਪਉੜੀਆਂ ਦੇ ਮਜਮੂਨ ਨਾਲ ਕੋਈ ਸੰਬੰਧ ਨਹੀਂ ਹੈ। ਇਹੀ ਹਾਲ ਸਾਰੇ ਸਲੋਕਾਂ ਦਾ ਹੈ। ਇਹਨਾਂ ਸਲੋਕਾਂ ਦੀ ਕੇਵਲ ਉਹੀ ਸਿੱਖਿਆ, ਜੋ '**ਸਾਂਝੀ ਸਗਲ ਜਹਾਨੇ**' ਹੈ ਤੇ ਇਹਨਾਂ ਪਉੜੀਆਂ ਦੇ ਭਾਵ ਨਾਲ ਰਲਦੀ ਹੈ, '**ਆਸਾ ਦੀ ਵਾਰ**' ਦੇ ਮੁਖ-ਉਪਦੇਸ਼ ਵਿਚ ਲਈ ਜਾਣੀ ਹੈ। ਦੂਜੇ ਅੱਖਰਾਂ ਵਿਚ ਆਖ ਲਵੋ ਕਿ '**ਆਸਾ ਦੀ ਵਾਰ**' ਦਾ ਮੁਖ ਭਾਵ ਕੇਵਲ ਪਉੜੀਆਂ ਦਾ ਮੁਖ ਭਾਵ ਹੈ।

ਇਸ ਵੇਲੇ ਪਹਿਲੀਆਂ 6 ਪਉੜੀਆਂ ਬਾਰੇ ਵਿਚਾਰ-ਸਮੁੱਚਾ ਭਾਵ, ਵਾਰ ਭਾਵ ਅਤੇ ਸੰਖੇਪ ਅਰਥ ਪੇਸ਼ ਕਰਨ ਦੀ ਨਿਮਾਣੀ ਕੋਸ਼ਿਸ਼ ਕੀਤੀ ਹੈ।

**ਸਮੁੱਚਾ-ਭਾਵ - 1. ਪਉੜੀ** 1, 2, 3 : ਪਰਮਾਤਮਾ ਨੇ ਆਪਣੇ ਆਪ ਤੋਂ ਜਗਤ ਰਚਿਆ ਹੈ, ਇਸ ਵਿਚ ਹਰ ਥਾਂ ਬੈਠ ਕੇ ਜਗਤ ਤਮਾਸ਼ਾ ਵੇਖ ਰਿਹਾ ਹੈ। ਜਗਤ ਵਿਚ ਮਨੁੱਖ ਪੈਦਾ ਕੀਤਾ ਕਿ '**ਸੱਚ**' ਨੂੰ ਗ੍ਰਹਿਣ ਕਰੇ, '**ਸੱਚੇ**' ਪ੍ਰਭੂ ਦੀ ਬੰਦਗੀ ਕਰੇ, ਪਰ ਦੁਨੀਆ ਵਿਚ ਲੱਗ ਕੇ ਬੰਦਾ ਬਾਜੀ ਹਾਰ ਰਿਹਾ ਹੈ।

**2. ਪਉੜੀ** 4, 5, 6 - ਪ੍ਰਭੂ ਦੀ ਮਿਹਰ ਨਾਲ ਜਿਸ ਨੂੰ ਗੁਰੂ ਮਿਲਦਾ ਹੈ,

ਉਹ **'ਆਪਾ-ਭਾਵ'** ਗੁਆ ਕੇ ਗੁਰੂ ਦਾ ਉਪਦੇਸ਼ ਸੁਝਦਾ ਹੈ ਤੇ **'ਨਾਮ'** ਸਿਮਰਦਾ ਹੈ, ਜਿਸ ਕਰਕੇ ਉਸ ਦੇ ਦੁੱਖ-ਕਲੇਸ਼ ਨਿਵਰਦੇ ਹਨ। ਗੁਰੂ ਤੋਂ ਬਿਨਾਂ ਇਹ ਦਾਤ ਨਹੀਂ ਮਿਲਦੀ, ਗੁਰੂ ਦੀ ਅੱਖ ਹੀ ਪ੍ਰਭੂ ਦਾ ਹਰ ਥਾਂ ਦੀਦਾਰ ਕਰਨ ਦੇ ਸਮਰੱਥ ਹੈ।

**ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ**

**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਅਕਾਲ ਪੁਰਖ ਇਕ ਹੈ, ਜਿਸ ਦਾ ਨਾਮ ਹੋਂਦ ਵਾਲਾ ਹੈ, ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ ਭਾਵ ਸਰੀਰ ਨਾਸ ਰਹਿਤ ਹੈ, ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ।

**ਆਸਾ ਮਹਲਾ ੨**

ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ॥

**ਟੁੰਡੇ ਅਸਰਾਜੇ ਕੀ ਧੁਨੀ ॥**

ਅਸਰਾਜ ਇਕ ਰਾਜਾ ਸਾਰੰਗ ਦਾ ਪੁੱਤਰ ਸੀ, ਜਿਸ ਨੂੰ ਉਸਦੀ ਮਤਰੇਈ ਮਾਂ ਨੇ ਦੂਸ਼ਣ ਲਗਵਾ ਕੇ ਅਤੇ ਇਕ ਹੱਥ ਕਟਵਾ ਕੇ ਦੇਸ਼ ਨਿਕਾਲਾ ਦਿੱਤਾ ਸੀ। ਪ੍ਰੰਤੂ ਸਮੇਂ ਦੇ ਗੇੜ ਕਰਕੇ ਸੱਚਾਈ ਸਾਹਮਣੇ ਆਉਣ ਤੇ ਅਤੇ ਵਾਹਿਗੁਰੂ ਦੀ ਬਖਸ਼ਿਸ਼ ਸਦਕਾ ਅਸਰਾਜ ਕਾਮਯਾਬ ਧਰਮੀ ਰਾਜ ਹੋ ਨਿਬੜਿਆ। ਸੋ ਢਾਡੀ ਇਹ ਵਾਰ ਗਾਂਵਦੇ ਚਲੇ ਆ ਰਹੇ ਹਨ।

ਸੋ ਧੁਨੀ ਮਤਲਬ ਸੁਰ, ਟੁੰਡੇ ਰਾਜੇ-ਅਸਰਾਜ ਦੀ ਸੁਰ 'ਤੇ ਗਾਉਣੀ ਹੈ।

**ਪਉੜੀ-ਵਾਰ ਭਾਵ**

1. ਕੁਦਰਤਿ ਸਾਜ ਕੇ ਇਸ ਵਿਚ ਆਪ ਹੀ ਬੈਠਾ ਪ੍ਰਭੂ ਜਗਤ ਤਮਾਸ਼ਾ ਵੇਖ ਰਿਹਾ ਹੈ। (3 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਸਨ)।

**ਪਉੜੀ ॥**

**ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥**

**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥**

**ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥**

**ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥**

**ਕਰਿ ਆਸਣੁ ਡਿਠੋ ਚਾਉ ॥੧॥**

2. ਜਗਤ ਵਿਚ ਪ੍ਰਭੂ ਨੇ ਜੀਵ ਨੂੰ ਘੱਲਿਆ ਹੈ ਕਿ ਇਹ ਸੱਚ ਨੂੰ ਗ੍ਰਹਿਣ ਕਰੇ : **'ਨਾਮ ਸਿਮਰਨ'** ਮਨੁੱਖ ਦੇ ਜੀਵਨ ਦਾ ਮਨੋਰਥ ਹੈ। ਹਰੇਕ ਜੀਵ ਨੂੰ ਆਪੋ-ਆਪਣੇ ਕੀਤੇ ਕਰਮਾਂ ਦਾ ਲੇਖਾ ਨਿਬੇੜਨਾ ਪੈਂਦਾ ਹੈ। (3 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਸਨ)।

**ਪਉੜੀ ॥**

**ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥**

**ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥**

**ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥**

**ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥**

**ਲਿਖਿ ਨਾਵੈ ਧਰਮੁ ਬਹਾਲਿਆ ॥੨॥**

3. ਜੋ ਜੀਵ ਸਿਰਫ਼ ਭੋਗਾ ਵਿਚ ਹੀ ਜੀਵਨ ਬਿਤਾ ਜਾਂਦੇ ਹਨ, ਉਹਨਾਂ ਜੀਵਨ ਵਿਅਰਥ ਜਾਂਦਾ ਹੈ। (2 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਸਨ)।

**ਪਉੜੀ ॥**

**ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥**

**ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥**

**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥**

**ਥਾਉ ਨ ਹੋਵੀ ਪਉਦੀਈ ਹੁਣਿ ਸੁਣਿਐ ਕਿਆ ਰੂਆਇਆ ॥**

**ਮਨਿ ਅੰਧੈ ਜਨਮੁ ਗਵਾਇਆ ॥੩॥**

4. ਜਿਸ ਮਨੁੱਖ ਉੱਤੇ ਪ੍ਰਭੂ ਮਿਹਰ ਕਰੇ ਉਸ ਨੂੰ 'ਗੁਰੂ' ਮਿਲਾਉਂਦਾ ਹੈ, ਉਸ ਨੂੰ ਜਨਮ ਮਰਨ ਦੇ ਗੇੜ ਵਿਚੋਂ ਕੱਢ ਲੈਂਦਾ ਹੈ, ਕਿਉਂਕਿ ਉਹ ਜੀਵ ਹਉਮੈ ਤਿਆਗ ਕੇ 'ਨਾਮ' ਜਪਦਾ ਹੈ। (2 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਸਨ)।

**ਪਉੜੀ ॥**

**ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥**

**ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥**

**ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥**

**ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ ॥**

**ਜਿਨਿ ਸਚੋ ਸਚੁ ਬੁਝਾਇਆ ॥੪॥**

5. ਪ੍ਰਭ ਦਾ 'ਨਾਮ' ਹੀ ਦੁੱਖਾਂ ਨਰਕਾਂ ਤੋਂ ਬਚਾਉਂਦਾ ਹੈ। ਜੇ ਜੀਵ ਆਪਣਾ ਭਲਾ ਲੋੜਦਾ ਹੈ ਤਾਂ ਇਸ ਨੂੰ ਇਹੀ ਭਲੀ ਕਮਾਈ ਕਰਨੀ ਚਾਹੀਦੀ ਹੈ। ਜਗਤ ਵਿਚ ਸਦਾ ਨਹੀਂ ਬੈਠ ਰਹਿਣਾ। (2 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਸਨ)।

**ਪਉੜੀ ॥**

**ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥**

**ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ ॥**

**ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥**

**ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥**

**ਕੋ ਰਹੈ ਨ ਭਰੀਐ ਪਾਈਐ ॥੫॥**

6. ਪਰ ਇਹ ਨਿਸ਼ਚੇ ਜਾਣੋ ਕਿ **'ਨਾਮ'** ਦੀ ਦਾਤ **'ਗੁਰੂ'** ਤੋਂ ਬਿਨਾਂ ਕਿਸੇ ਹੋਰ ਥਾਂ ਤੋਂ ਨਹੀਂ ਮਿਲਦੀ। ਗੁਰੂ ਵਿਚ ਹੀ ਨਿਰੰਕਾਰ ਨੇ ਆਪਣਾ ਆਪ ਪ੍ਰਗਟ ਕੀਤਾ ਹੈ। (2 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਸਨ)।

**ਪਉੜੀ ॥**

**ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥**

**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥**

**ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥**

**ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥**


**ਜਗ ਜੀਵਨੁ ਦਾਤਾ ਪਾਇਆ ॥੬॥**

*** ਪ੍ਰੋ. ਫ਼ੈਸਰ ਸਾਹਿਬ ਸਿੰਘ ਦੀ 'ਆਸਾ ਦੀ ਵਾਰ' ਦੀ ਸਟੀਕ**

*** 'ਆਸਾ ਦੀ ਵਾਰ ' ਵਿਚੋਂ ਹੋਰ ਪ੍ਰਚਾਰਕਾਂ ਰਾਹੀਂ**

**(ਚਲਦਾ)**

# ਪੰਜਾਬੀ ਭਾਸ਼ਾ ਦੀ ਉਤਪਤੀ



ਪੰਜਾਬੀ ਹੋਰਨਾਂ ਦੱਖਣੀ ਏਸ਼ੀਆਈ ਬੋਲੀਆਂ ਦੀ ਤਰ੍ਹਾਂ ਹੀ ਇੱਕ ਹਿੰਦ-ਆਰੀਆ ਬੋਲੀ ਹੈ। ਪੰਜਾਬੀ ਸੈਂਕੜੇ ਵਰ੍ਹੇ ਸੱਤਾ ਅਤੇ ਦਰਬਾਰਾਂ ਦੀ ਸਰਪ੍ਰਸਤੀ ਤੋਂ ਬਿਨਾਂ ਵਧੀ-ਫੁੱਲੀ ਤੇ ਪ੍ਰਫੁੱਲਿਤ ਹੋਈ ਲੋਕਾਂ ਦੀ ਜ਼ਬਾਨ ਹੈ। ਪੰਜਾਬੀ ਨੂੰ ਉਹਨਾਂ ਸਾਰੇ ਮੁਲਕਾਂ ਵਿੱਚ ਵੀ ਘੱਟ-ਗਿਣਤੀ ਭਾਸ਼ਾ ਦੇ ਤੌਰ ਉੱਤੇ ਬੋਲਿਆ ਜਾਂਦਾ ਹੈ, ਜਿੱਥੇ ਵੀ ਪੰਜਾਬੀ ਗਏ ਹਨ, ਜਿਵੇਂ ਕਿ ਇੰਗਲੈਂਡ, ਅਮਰੀਕਾ, ਆਸਟਰੇਲੀਆ ਅਤੇ ਖਾਸ ਕਰ ਕੇ ਕੈਨੇਡਾ, ਜਿੱਥੇ ਕਿ ਪੰਜਾਬੀ ਕੈਨੇਡਾ ਦੀ 2011 ਦੀ ਮਰਦਮਸ਼ੁਮਾਰੀ ਦੇ ਮੁਤਾਬਕ ਤੀਜੀ ਆਮ ਬੋਲੀ ਜਾਣ ਵਾਲੀ ਭਾਸ਼ਾ ਹੈ। ਪੰਜਾਬੀ ਸਿੱਖੀ ਦੀ ਧਾਰਮਿਕ ਭਾਸ਼ਾ ਵੀ ਹੈ, ਜਿਸ ਦੀ ਇੱਕ ਲਿਪੀ ਗੁਰਮੁਖੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਗਈ ਹੈ। ਇਹ ਭੰਗੜਾ ਸੰਗੀਤ ਦੀ ਬੋਲੀ ਹੈ, ਜਿਸ ਨੇ ਦੱਖਣੀ ਏਸ਼ੀਆ ਅਤੇ ਸੰਸਾਰ ਭਰ ਵਿੱਚ ਚੰਗਾ ਨਾਮਣਾ ਖੱਟਿਆ ਹੈ।

ਪੰਜਾਬੀ ਸੱਭਿਆਚਾਰ ਭਾਰਤ ਅਤੇ ਪਾਕਿਸਤਾਨ ਵਿੱਚ ਹੋਈ 1947 ਈਸਵੀ ਦੀ ਵੰਡ ਕਰ ਕੇ ਪ੍ਰਭਾਵਿਤ ਹੋਇਆ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਵੰਡੇ ਹੋਏ ਦੇਸ਼ਾਂ ਅਤੇ ਧਾਰਮਿਕ ਸਬੰਧਾਂ ਨੂੰ ਆਪਸ ਵਿੱਚ ਜੋੜਦਾ ਹੈ।

ਨਵੀਂ ਪੰਜਾਬੀ ਸ਼ਬਦਾਵਲੀ ਹੋਰ ਭਾਸ਼ਾਵਾਂ, ਜਿਵੇਂ ਹਿੰਦੀ, ਫ਼ਾਰਸੀ ਅਤੇ ਅੰਗਰੇਜ਼ੀ ਤੋਂ ਪ੍ਰਭਾਵਿਤ ਹੈ, ਹੋਰ ਉੱਤਰੀ ਭਾਰਤੀ ਭਾਸ਼ਾਵਾਂ ਵਾਂਗ ਇਸ ਦਾ ਵੀ ਵਿਕਾਸ ਵੈਦਿਕ ਸੰਸਕ੍ਰਿਤ ਤੋਂ ਹੋਇਆ ਹੈ। ਪੰਜਾਬੀ ਦੇ ਕਈ ਰੂਪ ਹਨ, ਜਿਵੇਂ ਕਿ ਪੱਛਮੀ ਪੰਜਾਬ ਵਿੱਚ ਲਹਿੰਦਾ ਅਤੇ ਪੂਰਬੀ ਪੰਜਾਬ ਵਿੱਚ ਸਰਾਇਕੀ, ਹਿੰਦਕੋ, ਮਾਝੀ, ਪੋਠੋਹਾਰੀ, ਪਰ ਇਹ ਪੰਜਾਬੀ ਦੇ ਸਾਹਮਣੇ ਨਿਗੂਣੇ ਜਿਹੇ ਹੀ ਹਨ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**




ਜੁਲਾਈ, 1951 ਵਿੱਚ ਭਾਰਤ ਵਿੱਚ ਮਰਦਮਸ਼ੁਮਾਰੀ ਦਾ ਕੰਮ ਜ਼ੋਰਾਂ-ਸ਼ੋਰਾਂ ਨਾਲ ਚਲ ਰਿਹਾ ਸੀ। ਇਸ ਸਮੇਂ ਪੰਜਾਬ ਦਾ ਮਹਾਸਾ ਪਰੈੱਸ ਪੰਜਾਬੀ ਹਿੰਦੂ ਦੀ ਮਾਂ ਬੋਲੀ ਬਦਲਣ ਲਈ ਸਾਰਾ ਟਿੱਲ ਲਾ ਰਿਹਾ ਸੀ। ਹਿੰਦੂ-ਸਿੱਖਾਂ ਵਿੱਚ ਪਈ ਵੰਡ ਦੀ ਲਕੀਰ ਨੂੰ ਕਾਲੇ ਰੰਗ ਨਾਲ ਭਰਨ ਲਈ ਮਹਾਸਾ ਪ੍ਰੈੱਸ ਨੇ ਪੂਰੀ ਕੋਸ਼ਿਸ਼ ਕੀਤੀ ਅਤੇ ਕਾਮਯਾਬੀ ਵੀ ਹਾਸਲ ਕੀਤੀ। ਹਰ ਸਿੱਖ ਨੇ ਪੰਜਾਬੀ ਨੂੰ ਅਤੇ ਹਰ ਹਿੰਦੂ ਨੇ ਹਿੰਦੀ ਨੂੰ ਆਪਣੀ ਬੋਲੀ ਲਿਖਾਇਆ।

ਪੰਜਾਬੀ ਭਾਸ਼ਾ (ਸ਼ਾਹਮੁਖੀ, ਪੰਜਾਬੀ) ਪੰਜਾਬ ਦੀ ਭਾਸ਼ਾ ਹੈ, ਜਿਸ ਨੂੰ ਪੰਜਾਬ ਖੇਤਰ ਦੇ ਵਸਨੀਕ ਜਾਂ ਸੰਬੰਧਿਤ ਲੋਕ ਬੋਲਦੇ ਹਨ। ਇਹ ਭਾਸ਼ਾਵਾਂ ਦੇ ਹਿੰਦ-ਯੂਰਪੀ ਪਰਿਵਾਰ ਵਿੱਚੋਂ ਹਿੰਦ-ਇਰਾਨੀ ਪਰਿਵਾਰ ਨਾਲ ਸਬੰਧ ਰੱਖਦੀ ਹੈ। ਇਹ ਪੰਜਾਬੀਆਂ ਦੀ ਮਾਂ ਬੋਲੀ ਹੈ ਅਤੇ ਸਿੱਖਾਂ ਦੀ ਧਾਰਮਿਕ ਭਾਸ਼ਾ ਵੀ ਹੈ। ਗੁਰਮੁਖੀ ਲਿਪੀ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਗਈ ਹੈ। ਇਹ ਦੁਨੀਆਂ ਅਤੇ ਖਾਸ ਕਰ ਦੱਖਣੀ ਏਸ਼ੀਆ ਦੇ ਉੱਘੇ ਭੰਗੜਾ ਸੰਗੀਤ ਦੀ ਭਾਸ਼ਾ ਹੈ। ਪਾਕਿਸਤਾਨ ਵਿੱਚ ਇਹ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਹੈ। ਇਸ ਤੋਂ ਬਿਨਾਂ ਸਬਦ 'ਪੰਜਾਬੀ' ਨੂੰ ਪੰਜਾਬ ਨਾਲ ਸਬੰਧਿਤ ਕਿਸੇ ਵੀ ਚੀਜ਼ ਲਈ ਵਰਤਿਆ ਜਾਂਦਾ ਹੈ, ਜਿਵੇਂ ਕਿ ਪੰਜਾਬੀ ਬੋਲਣ ਵਾਲਿਆਂ ਅਤੇ ਪੰਜਾਬ ਖਿੱਤੇ ਦੇ ਰਹਿਣ ਵਾਲਿਆਂ ਨੂੰ 'ਪੰਜਾਬੀ' ਹੀ ਕਿਹਾ ਜਾਂਦਾ ਹੈ। (ਬੋਲੀਆਂ ਨਾਲ ਸਬੰਧਿਤ ਇਕ ਵਿਸ਼ਵ ਵਿਗਿਆਨਕੋਸ਼ 2005) ਮੁਤਾਬਕ ਪੰਜਾਬੀ ਨੂੰ 8.8 ਕਰੋੜ ਲੋਕ ਬੋਲਦੇ ਹਨ, ਜਿਸ ਨਾਲ ਪੰਜਾਬੀ ਸਮੁੱਚੀ ਦੁਨੀਆਂ ਵਿਚ ਮਾਂ ਬੋਲੀ ਵਜੋਂ ਸਭ ਤੋਂ ਵੱਧ ਬੋਲੀ ਜਾਣ ਵਾਲੀ 'ਦਸਵੀਂ ਬੋਲੀ' ਹੈ। 2008 ਵਿਚ ਪਾਕਿਸਤਾਨ ਦੀ ਮਰਦਮਸ਼ੁਮਾਰੀ ਮੁਤਾਬਕ ਪਾਕਿਸਤਾਨ ਵਿਚ 76,334,300 ਲੋਕ ਪੰਜਾਬੀ ਬੋਲਦੇ ਹਨ ਅਤੇ 2011 ਵਿਚ ਭਾਰਤੀ ਮਰਦਮਸ਼ੁਮਾਰੀ ਮੁਤਾਬਕ ਭਾਰਤ ਵਿਚ 3,11,44,095 ਲੋਕ ਪੰਜਾਬੀ ਬੋਲਦੇ ਹਨ। ਇਸ ਦੀਆਂ ਦੋ ਮੁੱਖ ਉਪ-ਬੋਲੀਆਂ ਹਨ- ਪੂਰਬੀ ਪੰਜਾਬੀ ਅਤੇ ਲਹਿੰਦੀ ਪੰਜਾਬੀ। ਲਹਿੰਦੀ ਪੰਜਾਬੀ, ਪੂਰਬੀ ਪੰਜਾਬੀ ਅਤੇ ਪੱਛਮੀ ਪਹਾੜੀ

ਬੋਲੀਆਂ ਨੂੰ ਮਿਲਾ ਕੇ ਪੰਜਾਬੀ ਆਪਣੇ ਸੁਰ-ਵਿਗਿਆਨ ਕਰ ਕੇ ਅਜੋਕੀ ਹਿੰਦ-ਯੂਰਪੀ ਬੋਲੀਆਂ ਦੇ ਪਰਿਵਾਰ ਵਿੱਚੋਂ ਸਭ ਤੋਂ ਵੱਖਰੀ ਬੋਲੀ ਜਾਪਦੀ ਹੈ। ਪੰਜਾਬੀ ਦੀਆਂ ਕਈ ਉਪ-ਬੋਲੀਆਂ ਹਨ, ਜਿਵੇਂ ਕਿ ਮਾਝੀ, ਮਾਲਵੀ, ਦੁਆਬੀ, ਪੁਆਧੀ, ਪੋਠੋਹਾਰੀ ਆਦਿ ਪਰ ਮਾਝੀ ਨੂੰ ਟਕਸਾਲੀ ਬੋਲੀ ਵਜੋਂ ਵਰਤਿਆ ਜਾਂਦਾ ਹੈ। ਇਹ ਉਪ-ਬੋਲੀ ਪੁਰਾਣੇ ਪੰਜਾਬ ਦੇ ਮਾਝਾ ਖਿੱਤੇ ਵਿੱਚ ਬੋਲੀ ਜਾਂਦੀ ਹੈ ਜਿਸ ਦਾ ਕੇਂਦਰ ਅਜੋਕੇ ਅੰਮ੍ਰਿਤਸਰ ਅਤੇ ਲਾਹੌਰ ਵਿੱਚ ਹੈ। ਇਸ ਉਪ-ਬੋਲੀ ਦੀ ਵਰਤੋਂ ਪੰਜਾਬੀ ਦੀਆਂ ਕਿਤਾਬਾਂ ਲਿਖਣ ਵਿੱਚ ਹੁੰਦੀ ਹੈ। ਪੰਜਾਬੀ ਦੀਆਂ ਸਾਰੀਆਂ ਬੋਲੀਆਂ ਦੀ ਆਪਣੀ ਇੱਕ ਮਹੱਤਤਾ ਹੈ, ਅਤੇ ਸਾਰੀਆਂ ਆਪਣੇ-ਆਪਣੇ ਖੇਤਰ ਅਤੇ ਉਥੋਂ ਦੇ ਲੋਕਾਂ ਦੀ ਪਹਿਚਾਣ ਹਨ। ਇਹ ਬੋਲੀਆਂ ਪੰਜਾਬੀ ਦੀ ਵੰਨ-ਸੁਵੰਨਤਾ ਨੂੰ ਵਧਾਉਂਦੀਆਂ ਹਨ ਅਤੇ ਪੰਜਾਬ ਦੇ ਵਿਰਸੇ ਨੂੰ ਅਮੀਰ ਬਣਾਉਂਦੀਆਂ ਹਨ। ਪਾਕਿਸਤਾਨ ਵਿੱਚ ਸਰਾਇਕੀ ਅਤੇ ਹਿੰਦਕੋ ਨੂੰ ਵੱਖਰੀ ਬੋਲੀ ਵਜੋਂ ਪਰਵਾਣ ਕਰ ਲਿਆ ਗਿਆ ਹੈ ਅਤੇ ਓਹਨਾਂ ਦਾ ਬਹੁਤ ਵਿਕਾਸ ਹੋ ਰਿਹਾ ਹੈ। ਪੋਠੋਹਾਰੀ ਬੋਲੀ ਨੂੰ ਵੀ ਵੱਖਰੀ ਬੋਲੀ ਵਜੋਂ ਮਾਣ ਦੇਣ ਦੀ ਮੰਗ ਉੱਠ ਰਹੀ ਹੈ। ਇਹ ਭਾਰਤੀ ਚੜ੍ਹਦਾ ਪੰਜਾਬ ਸੂਬੇ ਦੀ ਸਰਕਾਰੀ ਬੋਲੀ ਹੈ ਪਰ ਪਾਕਿਸਤਾਨੀ ਪੰਜਾਬ ਸੂਬੇ ਵਿੱਚ ਇਸ ਨੂੰ ਕੋਈ ਸਰਕਾਰੀ ਹੈਸੀਅਤ ਪ੍ਰਾਪਤ ਨਹੀਂ ਅਤੇ ਨੇੜਲੇ ਸੂਬਿਆਂ ਜਿਵੇਂ ਕਿ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਆਦਿ ਵਿੱਚ ਵੀ ਬੋਲੀ ਜਾਂਦੀ ਹੈ। ਪੰਜਾਬੀ ਨੂੰ ਹਰਿਆਣਾ ਅਤੇ ਦਿੱਲੀ ਵਿੱਚ ਦੂਜੀ ਅਤੇ ਤੀਜੀ ਭਾਸ਼ਾ ਦਾ ਦਰਜਾ ਹਾਸਿਲ ਹੈ।




ਪੰਜਾਬੀ ਭਾਸ਼ਾ ਨੂੰ ਲਿਖਣ ਲਈ ਦੋ ਲਿਪੀਆਂ ਹਨ, ਜੋ ਕਿ ਖੇਤਰ ਅਤੇ ਇਸ ਦੇ ਉਪਭਾਸ਼ਾ ਦੇ ਨਾਲ ਨਾਲ ਬੋਲਣ ਵਾਲੇ ਦੇ ਖੇਤਰ ਉੱਤੇ ਵੀ ਨਿਰਭਰ ਕਰਦਾ ਹੈ। ਭਾਰਤ ਤੇ ਹੋਰ ਦੇਸ਼ਾਂ ਵਿੱਚ ਭਾਰਤੀ ਮੂਲ ਦੇ ਪੰਜਾਬੀ ਇਸ ਨੂੰ ਗੁਰਮੁਖੀ ਲਿਪੀ ਵਿੱਚ ਲਿਖਦੇ ਹਨ। ਪੰਜਾਬੀ ਭਾਸਾ ਦੀ ਇਹ ਬਦਕਿਸਮਤੀ ਹੀ ਸਮਝੋ ਕਿ ਇਸ ਨੂੰ ਬੋਲਣ ਅਤੇ ਲਿਖਣ ਵਾਲੇ ਵੰਡੇ ਗਏ।

ਪਾਕਿਸਤਾਨ (ਲਹਿੰਦੇ ਪੰਜਾਬ) ਵਿੱਚ ਸ਼ਾਹਮੁਖੀ ਲਿਪੀ ਦੇ ਰੂਪ ਵਿੱਚ ਲਿਖਿਆ ਜਾਂਦਾ ਹੈ। ਗੁਰਮੁਖੀ ਅਤੇ ਸਾਹਮੁਖੀ ਪੰਜਾਬੀ ਨੂੰ ਲਿਖਣ ਦੇ ਦੋ ਆਮ ਢੰਗ ਹਨ। ਭਾਰਤੀ ਅਤੇ ਪਾਕਿਸਤਾਨੀ ਪੰਜਾਬੀ ਬੋਲਣ ਵਾਲੇ ਪੰਜਾਬੀ ਭਾਸ਼ਾ ਨੂੰ ਬੋਲਾਂ ਰਾਹੀਂ ਸਮਝ ਸਕਦੇ ਹਨ, ਪਰ ਲਿਪੀ ਦੇ ਰੂਪ 'ਚ ਨਹੀਂ। ਸਿਰਫ ਦੋਹਾਂ ਲਿਪੀਆਂ ਨੂੰ ਜਾਨਣ ਵਾਲਾ ਹੀ ਲਿਖਤੀ ਰੂਪ 'ਚ ਸਮਝ ਸਕਦਾ ਹੈ।

ਅੰਗਰੇਜ਼ੀ ਵਾਂਗ ਹੀ, ਪੰਜਾਬੀ ਦੁਨੀਆਂ ਭਰ ਵਿੱਚ ਫੈਲ ਗਈ ਅਤੇ ਇਸ ਵਾਂਗ ਹੀ ਉੱਥੋਂ ਦੇ ਸਥਾਨਕ ਸ਼ਬਦਾਂ ਨਾਲ ਮਿਲ ਕੇ ਆਪਣਾ ਵਿਕਾਸ ਕੀਤਾ। ਹਾਲਾਂਕਿ ਬਹੁਤ ਸਬਦ ਹਿੰਦੀ-ਉਰਦੂ ਅਤੇ ਅੰਗਰੇਜ਼ੀ ਤੋਂ ਆਏ ਹਨ, ਪਰ ਪੰਜਾਬੀ ਵਿੱਚ ਸਪੇਨੀ ਭਾਸ਼ਾ ਅਤੇ ਡੱਚ ਭਾਸ਼ਾ ਤੋਂ ਵੀ ਸ਼ਬਦ ਆਏ ਹਨ।

ਪੰਜਾਬੀ ਭਾਸ਼ਾ ਦੀ ਭੂਗੋਲਿਕ ਵੰਡ ਹੇਠ ਲਿਖੇ ਅਨੁਸਾਰ ਹੈ -

**ਪਾਕਿਸਤਾਨ** - ਪੰਜਾਬੀ ਜ਼ਿਆਦਾਤਰ ਪਾਕਿਸਤਾਨ ਵਿਚ ਬੋਲੀ ਜਾਂਦੀ ਹੈ ਅਤੇ ਇਹ ਪਾਕਿਸਤਾਨੀ ਪੰਜਾਬ ਦੀ ਰਾਜ ਭਾਸ਼ਾ ਹੈ। ਪਾਕਿਸਤਾਨ ਦੇ 81.15% ਲੋਕ ਪੰਜਾਬੀ ਨੂੰ ਮਾਤ-ਭਾਸ਼ਾ ਦੇ ਵਜੋਂ ਬੋਲਦੇ ਹਨ ਅਤੇ 84.0% ਲੋਕ ਪੰਜਾਬੀ ਭਾਸ਼ਾ ਨੂੰ ਪਹਿਲੀ, ਦੂਸਰੀ ਅਤੇ ਕੁੱਝ ਤੀਸਰੀ ਭਾਸ਼ਾ ਵਜੋਂ ਬੋਲਦੇ ਹਨ। ਲਹੌਰ, ਜੋ ਕਿ ਪਾਕਿਸਤਾਨ ਪੰਜਾਬ ਦੀ ਰਾਜਧਾਨੀ ਹੈ, ਵਿਚ ਸਭ ਤੋਂ ਜ਼ਿਆਦਾ ਲੋਕ ਪੰਜਾਬੀ ਬੋਲਦੇ ਹਨ। ਲਹੌਰ ਦੀ 92% ਆਬਾਦੀ ਅਤੇ ਇਸਲਾਮਾਬਾਦ ਦੀ 86% ਆਬਾਦੀ ਪੰਜਾਬੀ ਨੂੰ ਮਾਤ-ਭਾਸ਼ਾ ਵਜੋਂ ਬੋਲਦੀ ਹੈ। ਤੀਸਰਾ ਸਥਾਨ ਫੈਸਲਾਬਾਦ ਦਾ ਆਉਂਦਾ ਹੈ, ਜਿਥੇ 81% ਲੋਕ ਪੰਜਾਬੀ ਬੋਲਦੇ ਹਨ। ਕਰਾਚੀ ਵਿਚ ਵੀ ਜ਼ਿਆਦਾਤਰ ਲੋਕ ਪੰਜਾਬੀ ਭਾਸ਼ਾ ਬੋਲਦੇ ਹਨ।

**ਮਰਦਮਸ਼ੁਮਾਰੀ ਦੇ ਅਧਾਰ ਤੇ ਪਾਕਿਸਤਾਨ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ**

| ਸਾਲ | ਪਾਕਿਸਤਾਨ ਦੀ ਆਬਾਦੀ | ਪੰਜਾਬੀ ਬੋਲਣ ਵਾਲੇ | ਪ੍ਰਤੀਸ਼ਤ |
|---|---|---|---|
| 1951 | 33,740,167 | 22,632,905 | 86.08% |
| 1961 | 44,880,378 | 28,468,282 | 79.39% |
| 1972 | 65,309,340 | 43,176,004 | 71.11% |
| 1981 | 79,253,644 | 61,584,980 | 89.17% |
| 2017 | 207,352,279 | 93,433,431 | 49.15% |
| 2022 | 243,685,000 | 107,540,000 | 46.78% |

1981 ਦੀ ਮਰਦਮਸ਼ੁਮਾਰੀ ਦੀ ਸ਼ੁਰੂਆਤ ਤੋਂ, ਸਰਾਇਕੀ ਅਤੇ ਹਿੰਦਕੋ ਬੋਲਣ ਵਾਲਿਆਂ ਨੂੰ ਹੁਣ ਪੰਜਾਬੀ ਬੋਲਣ ਵਾਲਿਆਂ ਦੀ ਕੁੱਲ ਸੰਖਿਆਵਾਂ ਵਿਚ ਸ਼ਾਮਲ ਨਹੀਂ ਕੀਤਾ ਗਿਆ ਸੀ, ਜੋ ਸਪੱਸ਼ਟ ਤੌਰ 'ਤੇ ਕਮੀ ਨੂੰ ਦਰਸਾਉਂਦਾ ਹੈ।

**ਮਰਦਮਸ਼ੁਮਾਰੀ ਦੇ ਅਧਾਰ ਤੇ ਪਾਕਿਸਤਾਨੀ ਰਾਜਾਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ** (2022)

| **ਸਥਾਨ** | **ਬਲਾਕ** | **ਪੰਜਾਬੀ ਬੋਲਣ ਵਾਲੇ** | **ਪ੍ਰਤੀਸ਼ਤ** |
|---|---|---|---|
| – | ਪਾਕਿਸਤਾਨ | 109,335,300 | 60% |
| 1. | ਪੰਜਾਬ | 108,671,704 | 78.23% |
| 2. | ਸਿੰਧ | 4,592,261 | 20% |
| 3. | ਇਸਲਾਮਾਬਾਦ (ਰਾਜਧਾਨੀ) | 1,843,625 | 86.66% |
| 4. | ਖ਼ੈਬਰ ਪਖ਼ਤੂਨਖ਼ਵਾ | 7,396,085 | 21% |
| 5. | ਬਲੋਚਿਸਤਾਨ | 318,745 | 2.52% |

ਭਾਰਤ ਵਿਚ 30 ਮਿਲੀਅਨ (3 ਕਰੋੜ) ਲੋਕ ਪੰਜਾਬੀ ਭਾਸ਼ਾ ਨੂੰ ਮਾਤ-ਭਾਸ਼ਾ ਅਤੇ ਪਹਿਲੀ, ਦੂਜੀ ਜਾਂ ਤੀਸਰੀ ਭਾਸ਼ਾ ਵਜੋਂ ਬੋਲਦੇ ਹਨ। ਪੰਜਾਬੀ ਭਾਸ਼ਾ ਭਾਰਤੀ ਰਾਜਾਂ ਪੰਜਾਬ, ਹਰਿਆਣਾ ਅਤੇ ਦਿੱਲੀ ਦੀ ਮੁੱਖ ਭਾਸ਼ਾ ਹੈ। ਉੱਤਰੀ ਭਾਰਤ ਵਿਚ ਅੰਬਾਲਾ, ਲੁਧਿਆਣਾ, ਅੰਮ੍ਰਿਤਸਰ, ਚੰਡੀਗੜ੍ਹ, ਜਲੰਧਰ ਅਤੇ ਦਿੱਲੀ ਪ੍ਰਮੁੱਖ ਸ਼ਹਿਰੀ ਖੇਤਰ ਹਨ, ਜਿਥੇ ਪੰਜਾਬੀ ਬੋਲੀ ਜਾਂਦੀ ਹੈ।

ਭਾਰਤ ਦੀ 2011 ਦੀ ਮਰਦਮਸ਼ੁਮਾਰੀ ਵਿਚ 31.14 ਮਿਲੀਅਨ ਨੇ ਆਪਣੀ ਭਾਸ਼ਾ ਪੰਜਾਬੀ ਦੱਸੀ ਹੈ। ਮਰਦਮਸ਼ੁਮਾਰੀ ਪ੍ਰਕਾਸ਼ਨ ਇਸ ਨੂੰ 33.12 ਮਿਲੀਅਨ ਦੇ ਅੰਕੜੇ 'ਤੇ ਪਹੁੰਚਣ ਲਈ ਬਾਗੜੀ ਅਤੇ ਭਟੇਲੀ ਵਰਗੀਆਂ ਸੰਬੰਧਿਤ "ਮਾਤ-ਭਸ਼ਾਵਾਂ" ਦੇ ਬੋਲਣ ਵਾਲਿਆਂ ਦੇ ਸਮੂਹ ਵਿਚ ਰੱਖਦਾ ਹੈ।

**ਮਰਦਮਸ਼ੁਮਾਰੀ ਦੇ ਅਧਾਰ ਤੇ ਭਾਰਤ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ**

| **ਸਾਲ** | **ਭਾਰਤ ਦੀ ਅਬਾਦੀ** | **ਭਾਰਤ ਵਿਚ ਪੰਜਾਬੀ ਬੋਲਣ ਵਾਲੇ** | **ਫੀਸਦੀ** |
|---|---|---|---|
| 1971 | 548,159,652 | 14,108,443 | 2.57% |
| 1981 | 665,287,849 | 19,611,199 | 2.95% |
| 1991 | 838,583,988 | 23,378,744 | 2.79% |
| 2001 | 1,028,610,328 | 29,102,477 | 2.83% |
| 2011 | 1,210,193,422 | 33,038,280 | 2.73% |

ਪੰਜਾਬ ਦਾ ਪਹਿਲਾ 'ਪੰਜਾਬ ਰਾਜ ਭਾਸ਼ਾ ਐਕਟ' 1960 ਵਿੱਚ ਬਣਿਆ। ਇਸ ਐਕਟ ਦੀ ਧਾਰਾ 3 ਰਾਹੀਂ ਪੰਜਾਬੀ ਖੇਤਰ ਦੇ ਸਾਰੇ ਜ਼ਿਲ੍ਹਿਆਂ ਵਿਚ ਹੋਣ ਵਾਲੇ ਸਾਰੇ ਦਫ਼ਤਰੀ ਕੰਮਕਾਜ 02 ਅਕਤੂਬਰ 1960 ਤੋਂ ਪੰਜਾਬੀ ਵਿੱਚ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ। ਇਸ ਵਿਵਸਥਾ ਦੀ ਖ਼ੂਬਸੂਰਤੀ ਇਹ ਸੀ ਕਿ ਜੇ ਕਿਸੇ ਕਾਰਨ ਕੋਈ ਕੰਮ ਉਸ ਸਮੇਂ ਪੰਜਾਬੀ ਵਿੱਚ ਕਰਨਾ ਸੰਭਵ ਨਹੀਂ ਸੀ ਤਾਂ ਉਸ ਕੰਮ ਨੂੰ ਹੋਰ ਭਾਸ਼ਾ ਵਿੱਚ ਕਰਨ ਦੀ ਵਿਵਸਥਾ ਬਾਅਦ ਵਿੱਚ ਕੀਤੀ ਜਾਣੀ ਸੀ। ਮਤਲਬ ਇਹ ਕਿ 2 ਅਕਤੂਬਰ 1960 ਤੋਂ ਜ਼ਿਲ੍ਹਾ ਪੱਧਰ ਦੇ ਸਾਰੇ ਦਫ਼ਤਰਾਂ ਵਿਚ ਸਾਰਾ ਕੰਮਕਾਜ ਪੰਜਾਬੀ ਵਿਚ ਹੋਣਾ ਸ਼ੁਰੂ ਹੋਇਆ। ਬਾਅਦ ਵਿਚ ਕਿਸੇ ਕੰਮ ਨੂੰ ਪੰਜਾਬੀ 'ਚ ਕਰਨ ਤੋਂ ਛੋਟ ਦੇਣ ਵਾਲਾ ਕੋਈ ਦਸਤਾਵੇਜ਼ ਉਪਲੱਬਧ ਨਹੀਂ ਹੈ। ਇਸੇ ਧਾਰਾ ਰਾਹੀਂ ਇਹ ਵਿਵਸਥਾ ਵੀ ਕੀਤੀ ਗਈ ਕਿ 2 ਅਕਤੂਬਰ 1962 ਤੋਂ ਜ਼ਿਲ੍ਹਾ ਪੱਧਰੀ ਦਫ਼ਤਰਾਂ ਵੱਲੋਂ ਰਾਜ ਸਰਕਾਰ ਜਾਂ ਮੁੱਖ ਦਫ਼ਤਰਾਂ ਨਾਲ ਕੀਤੇ ਜਾਣ ਵਾਲੇ ਚਿੱਠੀ ਪੱਤਰ ਦੀ ਭਾਸ਼ਾ ਵੀ ਪੰਜਾਬੀ ਹੋਵੇਗੀ।

ਪੰਜਾਬੀ ਸੂਬਾ ਬਣਨ ਮਗਰੋਂ 29 ਦਸੰਬਰ 1967 ਨੂੰ 1960 ਦਾ ਕਾਨੂੰਨ ਰੱਦ ਕਰਕੇ ਨਵਾਂ ਰਾਜ ਭਾਸ਼ਾ ਐਕਟ 1967 ਬਣਾਇਆ ਗਿਆ। ਇਸ ਕਾਨੂੰਨ ਦੀ ਉਦੇਸ਼ਕਾ ਵਿਚ ਇਹ ਐਕਟ ਬਣਾਉਣ ਦਾ ਉਦੇਸ਼ 'ਪੰਜਾਬ ਰਾਜ ਦੇ ਸਾਰੇ ਜਾਂ ਕੁਝ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿਚ ਕੀਤੇ ਜਾਣਾ' ਨਿਸ਼ਚਿਤ ਕੀਤਾ ਗਿਆ। ਇਸ ਉਦੇਸ਼ਕਾ ਤੋਂ ਹੀ ਪਤਾ ਲੱਗਦਾ ਹੈ ਕਿ 1965 ਦੇ ਐਕਟ ਦੇ ਉਲਟ ਇਸ ਐਕਟ ਰਾਹੀਂ ਦਫਤਰਾਂ ਵਿੱਚ ਹੁੰਦੇ ਸਾਰੇ ਕੰਮਾਂ ਦੀ ਥਾਂ ਕੁਝ ਕੁ ਕੰਮ ਹੀ ਪੰਜਾਬੀ ਵਿੱਚ ਕੀਤੇ ਜਾਣ ਬਾਰੇ ਸੋਚਿਆ ਗਿਆ। ਨਾਲ ਹੀ ਧਾਰਾ 4 ਰਾਹੀਂ ਇਹ ਨਿਯਮ ਵੀ ਬਣਾਇਆ ਗਿਆ ਕਿ ਕਿਸੇ ਦਫਤਰੀ ਕੰਮਕਾਜ ਨੂੰ ਪੰਜਾਬੀ ਵਿੱਚ ਕੀਤੇ ਜਾਣਾ ਕਦੋਂ ਜ਼ਰੂਰੀ ਕਰਨਾ ਹੈ, ਇਸ ਦਾ ਐਲਾਨ ਬਾਅਦ ਵਿੱਚ ਵਿਸ਼ੇਸ਼ ਨੋਟੀਫਿਕੇਸ਼ਨ ਰਾਹੀਂ ਹੋਵੇਗਾ। ਭਾਵ ਵੱਖ ਵੱਖ ਕੰਮ ਵੱਖ ਵੱਖ ਸਮੇਂ ਪੰਜਾਬੀ ਵਿੱਚ ਸ਼ੁਰੂ ਕੀਤੇ ਜਾ ਸਕਦੇ ਹਨ।

1967 ਦੇ ਐਕਟ ਦੀ ਧਾਰਾ 4 ਰਾਹੀਂ ਮਿਲੇ ਅਧਿਕਾਰ ਦੀ ਵਰਤੋਂ ਕਰਦਿਆਂ ਪੰਜਾਬ ਸਰਕਾਰ ਵੱਲੋਂ ਦਫਤਰੀ ਕੰਮਕਾਜ ਨੂੰ ਪੰਜਾਬੀ ਵਿੱਚ ਕਰਨ ਲਈ ਤੁਰੰਤ ਦੋ ਨੋਟੀਫਿਕੇਸ਼ਨ ਜਾਰੀ ਕੀਤੇ ਗਏ। ਪਹਿਲਾ ਨੋਟੀਫਿਕੇਸ਼ਨ 30 ਦਸੰਬਰ 1967 ਨੂੰ ਜਾਰੀ ਹੋਇਆ। ਇਸ ਰਾਹੀਂ ਜ਼ਿਲ੍ਹਾ ਪੱਧਰੀ ਦਫ਼ਤਰਾਂ ਵਿਚ ਹੁੰਦੇ ਦਫ਼ਤਰੀ ਕੰਮਕਾਜ ਨੂੰ 1 ਜਨਵਰੀ 1968 ਤੋਂ ਪੰਜਾਬੀ ਭਾਸ਼ਾ ਵਿਚ ਕਰਨ ਦਾ ਹੁਕਮ ਹੋਇਆ। ਦੂਜਾ ਨੋਟੀਫਿਕੇਸ਼ਨ 9 ਫਰਵਰੀ 1968 ਨੂੰ ਜਾਰੀ ਹੋਇਆ। ਇਸ ਰਾਹੀਂ 'ਰਾਜ ਪੱਧਰ' ਦੇ ਸਾਰੇ ਦਫ਼ਤਰਾਂ ਵਿਚ ਹੁੰਦੇ ਕੰਮਕਾਜ ਪੰਜਾਬੀ ਵਿਚ ਕਰਨ ਦਾ ਹੁਕਮ ਹੋਇਆ। ਇਹ ਹੁਕਮ 13 ਅਪ੍ਰੈਲ

1968 ਤੋਂ ਲਾਗੂ ਹੋਇਆ। ਇਨ੍ਹਾਂ ਨੋਟੀਫਿਕੇਸ਼ਨਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਸਾਰੇ ਦਫ਼ਤਰੀ ਕੰਮ ਪੰਜਾਬੀ ਵਿਚ ਕਰਨ ਦੇ ਹੁਕਮ ਹੋਏ।

ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2008 ਰਾਹੀਂ 1967 ਦੇ ਕਾਨੂੰਨ ਵਿੱਚ ਵੱਡੀਆਂ ਸੋਧਾਂ ਕੀਤੀਆਂ ਗਈਆਂ। ਪ੍ਰਸਾਸਨਿਕ ਦਫਤਰਾਂ ਦੇ ਕੰਮਕਾਜ ਪੰਜਾਬੀ ਵਿੱਚ ਕਰਨ ਦੀ ਵਿਵਸਥਾ ਕਰਨ ਲਈ ਮੂਲ ਕਾਨੂੰਨ ਵਿੱਚ ਧਾਰਾ 3-ਏ ਜੋੜੀ ਗਈ। ਇਸ ਨਵੀਂ ਧਾਰਾ ਨੇ ਸਥਿਤੀ ਸਪੱਸ਼ਟ ਕਰਨ ਦੀ ਥਾਂ ਹੋਰ ਉਲਝਾ ਦਿੱਤੀ। ਨਵੀਂ ਵਿਵਸਥਾ ਦਾ ਉਦੇਸ ਪੰਜਾਬੀ ਦਾ ਘੇਰਾ ਵਿਸਾਲ ਕਰਨਾ ਹੈ ਜਾਂ ਇਸ ਦੇ ਖੰਭ ਕੁਤਰਣਾ, ਇਹ ਸਮਝ ਤੋਂ ਬਾਹਰ ਹੈ। ਇਸ ਸੋਧ ਕਾਨੂੰਨ ਦੇ ਅੰਗਰੇਜ਼ੀ ਅਤੇ ਪੰਜਾਬੀ, ਦੋਵੇਂ ਪਾਠ ਇੱਕੋ ਸਮੇਂ ਸਰਕਾਰੀ ਗਜਟ ਵਿੱਚ ਛਪੇ। ਅੰਗਰੇਜ਼ੀ ਪਾਠ ਵਿੱਚ 'ਸਾਰੇ ਦਫਤਰੀ ਚਿੱਠੀ ਪੱਤਰ' ਪੰਜਾਬੀ ਵਿੱਚ ਕੀਤੇ ਜਾਣ ਦਾ ਜ਼ਿਕਰ ਹੈ। ਇਸ ਦੇ ਉਲਟ ਪੰਜਾਬੀ ਪਾਠ ਵਿਚ ('ਦਫ਼ਤਰੀ ਚਿੱਠੀ ਪੱਤਰ' ਦੀ ਥਾਂ) 'ਦਫ਼ਤਰਾਂ ਵਿਚ ਸਾਰਾ ਕੰਮਕਾਜ ਪੰਜਾਬੀ ਵਿਚ ਕੀਤਾ ਜਾਵੇਗਾ' ਦਰਜ ਹੈ। ਦੋਵਾਂ ਦੇ ਅਰਥਾਂ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਹੈ। ਅੰਗਰੇਜ਼ੀ ਪਾਠ ਮੁਤਾਬਿਕ ਸਿਰਫ਼ 'ਦਫ਼ਤਰੀ ਚਿੱਠੀ ਪੱਤਰ' ਹੀ ਪੰਜਾਬੀ ਵਿਚ ਕਰਨਾ ਜ਼ਰੂਰੀ ਹੈ। ਬਾਕੀ ਕੰਮ ਹੋਰ ਭਾਸ਼ਾ (ਅੰਗਰੇਜ਼ੀ) ਵਿਚ ਵੀ ਹੋ ਸਕਦੇ ਹਨ। ਪੰਜਾਬੀ ਪਾਠ ਅਨੁਸਾਰ ਪ੍ਰਸ਼ਾਸਨਿਕ ਦਫ਼ਤਰਾਂ ਵਿਚ ਹੁੰਦਾ ਸਾਰਾ ਕੰਮਕਾਜ ਪੰਜਾਬੀ ਭਾਸ਼ਾ ਵਿਚ ਕਰਨਾ ਜ਼ਰੂਰੀ ਹੈ।

ਸੰਵਿਧਾਨ ਤੋਂ ਲੈ ਕੇ ਹਰ ਤਰ੍ਹਾਂ ਦਾ ਕੇਂਦਰੀ ਕਾਨੂੰਨ ਰਾਜ ਸਰਕਾਰਾਂ ਨੂੰ ਅਦਾਲਤੀ ਕੰਮਕਾਜ, ਖ਼ਾਸਕਰ ਜ਼ਿਲ੍ਹਾ ਪੱਧਰੀ ਅਦਾਲਤਾਂ ਤੱਕ ਦਾ, ਆਪਣੀ ਰਾਜ ਭਾਸ਼ਾ ਵਿਚ ਕਰਨ ਦੀ ਵਿਵਸਥਾ ਕਰਨ ਦਾ ਅਧਿਕਾਰ ਦਿੰਦਾ ਹੈ। ਆਪਣੇ ਇਸ ਅਧਿਕਾਰ ਦੀ ਵਰਤੋਂ ਕਰਕੇ ਪੰਜਾਬ ਸਰਕਾਰ ਨੇ ਸਾਲ 2008 ਵਿਚ ਪੰਜਾਬ ਰਾਜ ਭਾਸ਼ਾ ਐਕਟ 1967 ਵਿਚ ਸੋਧ ਕੀਤੀ ਅਤੇ ਪੰਜਾਬ ਵਿਚਲੀਆਂ ਜ਼ਿਲ੍ਹਾ ਪੱਧਰੀ ਅਦਾਲਤਾਂ ਦੇ ਕੰਮਕਾਜ ਦੀ ਭਾਸ਼ਾ ਪੰਜਾਬੀ ਕਰ ਦਿੱਤੀ, ਪਰ ਅਦਾਲਤਾਂ ਵਿਚ ਕੰਮਕਾਜ ਪੰਜਾਬੀ ਵਿਚ ਹੋਣਾ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਦਾਲਤੀ ਕੰਮਕਾਜ ਲਈ ਲੋੜੀਂਦੀ ਸਮੱਗਰੀ, ਖਾਸਕਰ ਕਾਨੂੰਨ, ਪੰਜਾਬੀ ਵਿਚ ਉਪਲੱਬਧ ਹੋਣ।

ਪੰਜਾਬੀ ਦੀ ਇੱਕ ਖਾਸ ਗੱਲ ਜੋ ਇਸਨੂੰ ਦੂਜੀਆਂ ਇੰਡੋ-ਯੂਰਪੀ ਅਤੇ ਭਾਰਤੀ ਭਾਸ਼ਾਵਾਂ ਤੋਂ ਅੱਡ ਕਰਦੀ ਹੈ, ਉਹ ਹੈ ਇਸ ਦਾ ਸੁਰਾਤਮਕ ਹੋਣਾ। ਪੰਜਾਬੀ ਵਿੱਚ ਪੰਜ ਸੁਰ ਧੁਨੀਆਂ /ਘ/, /ਝ/, /ਢ/, /ਧ/, /ਭ/ ਹਨ। ਇਸ ਤੋਂ ਇਲਾਵਾ /ਹ/ ਧੁਨੀ ਵੀ ਸ਼ਬਦ ਵਿੱਚ ਆਪਣੇ ਸਥਾਨ ਅਨੁਸਾਰ ਸੁਰ ਵਿੱਚ ਬਦਲ ਜਾਂਦੀ ਹੈ। ਸ਼ਬਦਾਂ ਦੀ ਮੁੱਢਲੀ ਸਥਿਤੀ ਵਿੱਚ /ਘ, ਝ, ਢ, ਧ, ਭ/ ਧੁਨੀਆਂ ਨੀਵੀਂ ਸੁਰ ਦਾ ਉੱਚਾਰਣ ਕਰਦੀਆਂ ਹਨ। ਇਸ ਆਦਿ-ਸਥਿਤੀ ਵਿੱਚ /ਕ, ਚ, ਟ, ਤ, ਪ/ ਵਿੱਚ ਰੁਪਾਂਤਰਿਤ ਹੋ ਕੇ, ਨਾਲ ਦੀ ਨਾਲ ਸ੍ਵਰ ਉੱਤੇ ਨੀਵੀਂ ਸੁਰ ਨੂੰ ਪ੍ਰਗਟ ਕਰਦੀਆਂ ਹਨ। ਉਦਾਹਰਣ ਦੇ ਤੌਰ 'ਤੇ ਜਦੋਂ /ਘ/ ਧੁਨੀ ਸ਼ਬਦ ਦੇ ਸ਼ੁਰੂ ਵਿੱਚ ਆਉਂਦੀ ਹੈ ਤਾਂ ਇਸ ਦੀ ਅਵਾਜ਼ /ਕ/ ਧੁਨੀ ਦੇ ਨੇੜੇ ਹੁੰਦੀ ਹੈ ਅਤੇ ਇਸ ਨਾਲ ਇੱਕ ਡਿੱਗਦੀ ਸੁਰ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ 'ਘੋੜਾ' ਸਬਦ ਵਿੱਚ /ਕ/ ਧੁਨੀ ਨਾਲ ਇੱਕ ਡਿੱਗਦੀ ਸੁਰ ਹੈ ਜਿਸ ਨਾਲ ਇਹ /ਘ/ ਧੁਨੀ ਬਣਦੀ ਹੈ। ਇਸ ਤਰ੍ਹਾਂ ਇਸ ਸ਼ਬਦ ਦੀ IPA ਵਿੱਚ ਬਣਾਵਟ ""/ Kora/ "" ਹੋਵੇਗੀ। ਜੇਕਰ ਅਸੀਂ ਇਸ ਵਿੱਚੋਂ ਇਸ ਦੀ ਡਿੱਗਦੀ ਸੁਰ ਨੂੰ ਹਟਾ ਦਈਏ ਤਾਂ ਇਸ ਦਾ ਉੱਚਾਰ ""ਕੋੜਾ"" ਹੋ ਜਾਵੇਗਾ ਅਤੇ ਜੇਕਰ ਅਸੀਂ /ਕ/ ਧੁਨੀ ਦੇ ਬਾਅਦ ਚੜ੍ਹਦੀ ਸੁਰ ਦੀ ਵਰਤੋਂ ਕਰੀਏ ਤਾਂ ਇਸ ਦਾ ਉੱਚਾਰਣ ""ਕੋਹੜਾ"" ਹੋ ਜਾਵੇਗਾ। ਇਸ ਨੂੰ IPA ਵਿਚ ""/ Kora/ "" ਲਿਖਿਆ ਜਾਵੇਗਾ। ਠੀਕ ਇਸੇ ਤਰ੍ਹਾਂ ਬਾਕੀ ਦੀਆਂ ਚਾਰ ਧੁਨੀਆਂ ਨਾਲ ਵੀ ਹੁੰਦਾ ਹੈ। ਸ਼ਬਦ ਦੀ ਅੰਤਲੀ ਸਥਿਤੀ ਵਿੱਚ /ਘ, ਝ, ਢ, ਧ, ਭ/ ਕ੍ਰਮਪੂਰਵਕ /ਗ, ਜ, ਡ, ਬ, ਦ/ ਵਿੱਚ ਤਬਦੀਲ ਹੋ ਕੇ ਨਾਲ ਲੱਗਦੇ ਅਗਲੇ ਸ੍ਵਰ ਉੱਤੇ ਉੱਚੀ ਸ੍ਵਰ ਸਹਿਤ ਉੱਚਾਰੀਆਂ ਜਾਂਦੀਆਂ ਹਨ। ਜਿਵੇਂ- /ਲਾਭ/।

ਗੁਰੂ ਨਾਨਕ ਸਾਹਿਬ ਜੀ ਨੇ ਬਾਣੀ ਲਈ ਪੰਜਾਬੀ ਭਾਸ਼ਾ ਨੂੰ ਚੁਣਿਆ। ਗੁਰੂ ਨਾਨਕ ਜੀ ਤੋਂ ਪਹਿਲਾਂ ਬਾਬਾ ਫਰੀਦ ਨੇ ਵੀ ਬਾਣੀ ਦੀ ਰਚਨਾ, ਨਾਥਾਂ, ਜੋਗੀਆਂ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਸ਼ਾਹ ਹੁਸੈਨ, ਕਾਦਰਯਾਰ, ਸ਼ਾਹ ਮੁਹੰਮਦ, ਦਮੋਦਰ ਆਦਿ ਕਵੀਆਂ ਨੇ ਆਪਣੀ ਕਵਿਤਾ ਦਾ ਮਾਧਿਅਮ ਪੰਜਾਬੀ ਨੂੰ ਬਣਾਇਆ। ਪ੍ਰੋ. ਪੂਰਨ ਸਿੰਘ ਭਾਵੇਂ ਅੰਗਰੇਜ਼ੀ ਦੇ ਵਿਦਵਾਨ ਸਨ ਪਰ ਉਹਨਾਂ ਨੇ ਪੰਜਾਬੀ ਵਿੱਚ ਖੁੱਲ੍ਹੀ ਕਵਿਤਾ ਰਚ ਕੇ ਇਤਿਹਾਸ ਸਿਰਜਿਆ। ਪੰਜਾਬੀ ਭਾਸ਼ਾ ਦਾ ਹਿਰਦਾ ਇੰਨਾ ਵਿਸ਼ਾਲ ਹੈ ਕਿ ਕੁਸਾਨ, ਹੂਣ, ਤੁਰਕ, ਮੁਗਲ, ਮੰਗੋਲਾਂ ਆਦਿ ਦੀਆਂ ਭਾਸ਼ਾਵਾਂ ਨੂੰ ਵੀ ਪੰਜਾਬੀ ਨੇ ਆਪਣੇ ਵਿੱਚ ਜਜਬ ਕਰ ਕੇ ਆਪਣੀ ਨਿਵੇਕਲੀ ਪਛਾਣ ਬਰਕਰਾਰ ਰੱਖੀ। ਪੰਜਾਬੀ ਲੋਕ ਗੀਤ ਸਾਡੀ ਸੰਪੂਰਨ ਪੰਜਾਬੀਅਤ ਦੀ ਤਰਜਮਾਨੀ ਕਰਦੇ ਹਨ। ਕਥਾ-ਕਹਾਣੀਆਂ, ਵਾਰਾਂ, ਕਿੱਸੇ, ਜੰਗਨਾਮੇ, ਕਵਿਤਾਵਾਂ, ਮਾਹੀਏ, ਢੋਲੇ, ਟੱਪੇ, ਸਿੱਠਣੀਆਂ ਆਦਿ ਪੰਜਾਬੀਅਤ ਦਾ ਅਨਮੋਲ ਖਜ਼ਾਨਾ ਹਨ। ਨਾਨਕ ਸਿੰਘ, ਗੁਰਦਿਆਲ ਸਿੰਘ, ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ, ਸੁਰਜੀਤ ਪਾਤਰ, ਸ਼ਿਵ ਕੁਮਾਰ ਬਟਾਲਵੀ, ਹਰਿਭਜਨ ਸਿੰਘ, ਡਾ. ਸੁਤਿੰਦਰ ਸਿੰਘ ਨੂਰ ਆਦਿ ਲੇਖਕ ਇਸੇ ਭਾਸ਼ਾ ਸਦਕਾ ਕੌਮਾਂਤਰੀ ਪ੍ਰਸਿੱਧੀ ਹਾਸਲ ਕਰ ਚੁੱਕੇ ਹਨ। ਪੰਜਾਬੀ ਸੰਗੀਤ ਤਾਂ ਅੱਜ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ। ਇਸ ਨੇ ਪੂਰੀ ਦੁਨੀਆਂ ਨੂੰ ਝੂਮਣ ਲਾ ਦਿੱਤਾ ਹੈ। ਲਾਲ ਚੰਦ ਯਮਲਾ ਜੱਟ, ਗੁਰਦਾਸ ਮਾਨ, ਸੁਰਿੰਦਰ ਕੌਰ, ਨਰਿੰਦਰ ਬੀਬਾ, ਕੁਲਦੀਪ ਮਾਣਕ, ਮੁਹੰਮਦ ਸਦੀਕ, ਹੰਸ ਰਾਜ ਹੰਸ, ਸਤਿੰਦਰ ਸਰਤਾਜ ਆਦਿ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ। ਇਹ ਪੰਜਾਬੀ ਸੰਗੀਤ ਦੀ ਪ੍ਰਪੱਕਤਾ ਹੀ ਹੈ ਕਿ ਇਹ ਬਾਲੀਵੁੱਡ ਵਿਚ ਵੀ ਪੈਰ ਜਮਾ ਚੁੱਕਿਆ ਹੈ। ਹਿੰਦੀ ਫ਼ਿਲਮਾਂ ਵਿਚ ਨਿਰੋਲ ਪੰਜਾਬੀ ਗੀਤ ਅਤੇ ਕਿਰਦਾਰ ਆਮ ਵੇਖਣ-ਸੁਣਨ ਨੂੰ ਮਿਲਦੇ ਹਨ, ਜੋ ਪੰਜਾਬੀਆਂ ਲਈ ਮਾਣ ਦੀ ਗੱਲ ਹੈ।

**ਮੁੱਖ ਸਰੋਤ - ਅਜ਼ਾਦ ਵਿਸ਼ਵਕੋਸ਼**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਬਰਾਦਰੀ ਵਿਚੋਂ ਵਹਿਮਾਂ ਨੂੰ ਦੂਰ ਕਰਨ ਲਈ ਭਾਰੀ ਦਲੇਰੀ

1. ਇਕ ਪਿੰਡ ਟਾਂਡਾ ਚੂਹੜੀਆਂ ਜੋ ਮੁਕੇਰੀਆਂ ਤਹਿਸੀਲ ਵਿਚ ਹੈ, ਉਥੋਂ ਦੀ ਸੰਗਤ ਨੇ ਆਪ ਜੀ ਦੀ ਸੇਵਾ ਵਿਚ ਮੁਰਾਲੇ ਪੁੱਜ ਕੇ ਨਗਰ ਵਿਚ ਦਰਸ਼ਨ ਦੇਣ ਲਈ ਬੇਨਤੀ ਕੀਤੀ। ਨਿਯਤ ਦਿਨ ਤੇ ਆਪ ਜੀ ਇਥੇ ਪੁੱਜੇ। ਸੰਗਤ ਨੇ ਬੜਾ ਸੁਆਗਤ ਕੀਤਾ। ਆਪ ਜੀ ਨੇ ਇਥੇ ਸਿੱਖੀ ਦਾ ਪ੍ਰਚਾਰ ਕੀਤਾ। ਬਹੁਤ ਸਾਰੀ ਸੰਗਤ ਨੇ ਅੰਮ੍ਰਿਤ ਛਕਿਆ। ਇਥੇ ਕੁਝ ਟਾਹਲੀਆਂ ਸਨ, ਜਿਨ੍ਹਾਂ ਤੋਂ ਕੋਈ ਡਰਦਾ ਇਕ ਟਾਹਣੀ ਭੀ ਨਹੀਂ ਸੀ ਵੱਢਦਾ। ਕਹਿੰਦੇ ਸਨ ਕਿ ਇਨ੍ਹਾਂ ਟਾਹਲੀਆਂ ਵਿਚੋਂ ਕੋਈ ਟਾਹਣੀ ਵੱਢੀ ਜਾਵੇ ਤਾਂ ਟਾਹਣੀ ਵਿਚੋਂ ਖ਼ੂਨ ਵਗਣ ਲੱਗ ਪੈਂਦਾ ਹੈ। ਇਸ ਵਹਿਮ ਨੂੰ ਦੂਰ ਕਰਨ ਲਈ ਮਹਾਂਪੁਰਖਾਂ ਨੇ ਕਿਹਾ-ਅਸੀਂ ਟਾਹਲੀਆਂ ਵੱਢਣ ਲਈ ਪਹਿਲੇ ਕੁਹਾੜਾ ਮਾਰਾਂਗੇ, ਪਰ ਇਨ੍ਹਾਂ ਟਾਹਲੀਆਂ ਦੀ ਲੱਕੜ ਕਿਸੇ ਗੁਰਦੁਆਰੇ ਦੀ ਸੇਵਾ ਲਈ ਲਾਈ ਜਾਵੇਗੀ। ਸੰਗਤ ਨੇ ਕਿਹਾ-ਜਿਸ ਤਰ੍ਹਾਂ ਆਪ ਜੀ ਚਾਹੋ ਕਰੋ, ਪਰ ਟਾਹਲੀਆਂ ਨੂੰ ਪਹਿਲੇ ਆਪ ਜੀ ਕੁਹਾੜਾ ਮਾਰੋ। ਆਪ ਜੀ ਨੇ ਅਰਦਾਸ ਕੀਤੀ, ਸਤਿਗੁਰਾਂ ਦਾ ਆਸਰਾ ਲੈ ਕੇ ਪਹਿਲੇ ਆਪ ਕੁਹਾੜਾ ਮਾਰਿਆ। ਪਿਛੋਂ ਹੋਰ ਸਿੰਘਾਂ ਨੇ ਟਾਹਲੀਆਂ ਵੱਢਣੀਆਂ ਸ਼ੁਰੂ ਕੀਤੀਆਂ। ਸਭ ਟਾਹਲੀਆਂ ਵੱਢ ਕੇ ਇਹਨਾਂ ਦੀ ਲੱਕੜ ਆਪ ਜੀ ਨੇ ਇਥੋਂ ਲਿਜਾ ਕੇ ਕਿਸੇ ਗੁਰਦੁਆਰੇ ਦੀ ਸੇਵਾ ਤੇ ਲਾਈ, ਟਾਹਲੀਆਂ ਵਿਚੋਂ ਕੋਈ ਖ਼ੂਨ ਨਾ ਵਗਿਆ।

2. ਇਸੇ ਤਰ੍ਹਾਂ ਕੋਟ ਪਿੰਡੀ ਦਾਸ ਭੀ ਕੁੱਝ ਟਾਹਲੀਆਂ ਸਨ, ਉਨ੍ਹਾਂ ਟਾਹਲੀਆਂ ਨੂੰ ਭੀ ਕੋਈ ਡਰਦਾ ਹੱਥ ਨਹੀਂ ਸੀ ਲਾਉਂਦਾ। ਉਹ ਭੀ ਆਪ ਨੇ ਅਰਦਾਸਾ ਸੋਧ ਕੇ ਪਹਿਲੇ ਟੱਕ ਲਾਇਆ ਤੇ ਸਾਰੀਆਂ ਦੀ ਲੱਕੜ ਸ੍ਰੀ ਨਨਕਾਣਾ ਸਾਹਿਬ ਦੇ ਬੁੰਗੇ ਤੇ ਲੁਆਈ।

3. ਦਾਸ ਨੇ ਨਗਰ ਭਖੜੇ ਆਲੀ ਇਕ ਪੀਰ ਦਾ ਛੱਪੜ ਵੱਜਦਾ ਸੀ। ਉਸ ਦੇ ਉੱਤੇ ਇਕ ਬੜੀ ਪੁਰਾਣੀ ਟਾਹਲੀ ਸੀ, ਜਿਸ ਨੂੰ ਕੋਈ ਹੱਥ ਨਹੀਂ ਸੀ ਲਾਂਦਾ। ਮਹਾਂਪੁਰਖਾਂ ਨੇ ਅਰਦਾਸਾ ਸੋਧ ਕੇ ਉਸ ਟਾਹਲੀ ਨੂੰ ਵੱਢਵਾਇਆ ਅਤੇ ਬੜੀ ਕਾਲੀ ਸ਼ਾਹ ਲੱਕੜ, ਜੋ ਗੁਰਦੁਆਰੇ ਦੀਆਂ ਚੁਗਾਠਾਂ ਅਤੇ ਦਰਵਾਜ਼ਿਆਂ ਵਿਚ ਵਰਤੀ ਗਈ। ਇਕ ਬਹੁਤ ਸਾਰਾ ਵੱਡਾ ਪਿੱਪਲ ਸੀ। ਇਸ ਪਿੱਪਲ ਦੀ ਥਾਂ ਤੇ ਗੁਰਦੁਆਰਾ ਬਨਾਉਣਾ ਸੀ, ਉਸ ਨੂੰ ਵੱਢਣ ਲਈ ਕੋਈ ਹੀਆ ਨਹੀਂ ਸੀ ਕਰਦਾ। ਉਹ ਭੀ ਆਪ ਜੀ ਨੇ ਪਹਿਲੇ ਕੁਹਾੜੇ ਨਾਲ ਟੱਕ ਲਾਇਆ ਤੇ ਪਿੱਪਲ ਵਢਵਾ ਕੇ ਉਥੇ ਆਪ ਜੀ ਨੇ ਬੜੀ ਸ਼ਾਨਦਾਰ ਗੁਰਦੁਆਰੇ ਦੀ ਬਿਲਡਿੰਗ ਬਣਵਾਈ।

4. ਇਸੇ ਤਰ੍ਹਾਂ ਜੈਸਾ ਕਿ ਪਹਿਲੇ ਦੱਸ ਆਇਆ ਹਾਂ ਬਜ਼ੁਰਗਵਾਲ ਪਿੰਡ ਵਿਚ ਡੋਲੀਆਂ ਖਿਡਾਉਣ ਵਾਲਿਆਂ ਦੇ ਘਰਾਂ ਵਿਚ ਥਾਨ ਬਣੇ ਹੋਏ ਸਨ। ਉਹ ਆਪ ਜੀ ਨੇ ਕਹੀ ਲੈ ਕੇ ਪੁੱਟ ਤੇ ਉਨ੍ਹਾਂ ਦੇ ਝੁੰਡੇ ਤੇ ਖੁੰਡੀਆਂ ਸਭ ਆਪਣੇ ਨਾਲ ਲਿਜਾ ਕੇ ਗੁਰਦੁਆਰੇ ਦੀ ਇਕ ਨੀਂਹ ਵਿਚ ਸੁਟਵਾ ਕੇ ਉੱਤੇ ਇੱਟਾਂ ਦੀ ਚਿਣਾਈ ਕਰਵਾ ਦਿੱਤੀ। ਇਸ ਤਰ੍ਹਾਂ ਆਪ ਮਨਮਤਾਂ ਤੇ ਵਹਿਮਾਂ ਨੂੰ ਦੂਰ ਕਰਨ ਲਈ ਬੜੇ ਦ੍ਰਿੜ ਸਨ, ਬੜੇ ਦਲੇਰ ਸਨ। ਇਸ ਤਰ੍ਹਾਂ ਦੇ ਵਹਿਮਾਂ ਦੀ ਜਿਥੇ ਭੀ ਆਪ ਜੀ ਨੂੰ ਖਬਰ ਲੱਗ ਜਾਂਦੀ, ਉਥੇ ਉਚੇਚੇ ਪੁੱਜ ਕੇ ਉਹ ਵਹਿਮ ਦੂਰ ਕਰਦੇ। ਉਨ੍ਹਾਂ ਵਿਚ ਆਤਮਕ ਸ਼ਕਤੀ ਸੀ, ਇਸ ਲਈ ਉਹ ਅਜਿਹੀਆਂ ਵਹਿਮਾਂ ਅਤੇ ਮਨਮਤਾਂ ਨੂੰ ਦੂਰ ਕਰਨ ਲਈ ਬੜੀ ਨਿਡਰਤਾ ਨਾਲ ਗੁਰੂ ਆਸਰਾ ਲੈ ਕੇ, ਆਪਣੀ ਹੱਥੀ ਕੁਹਾੜਾ ਫੜ ਕੇ ਅਜਿਹੇ ਕੁਕਰਮਾਂ ਨੂੰ ਜੜ੍ਹਾਂ ਤੋਂ ਹੀ ਪੁੱਟ ਦਿੰਦੇ ਸਨ। ਲੋਕਾਂ ਨੂੰ ਮਨਮਤਾਂ ਤੇ ਵਹਿਮਾਂ ਤੋਂ ਹਟਾ ਕੇ ਗੁਰਮਤ ਦੇ ਸਿੱਧੇ ਰਸਤੇ ਚੱਲਣ ਦਾ ਉਪਦੇਸ਼ ਦਿੰਦੇ ਸਨ ਤੇ ਸਿੱਖੀ ਦੇ ਸਿੱਧੇ ਰਸਤੇ ਚੱਲਣ ਦੀ ਪ੍ਰੇਰਣਾ ਕਰਦੇ ਸਨ।

## ਸ. ਗੁਰਦਿੱਤ ਸਿੰਘ ਜੀ ਆਸਟਰੇਲੀਆ ਵਾਲਿਆਂ ਦੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਮ ਵਸੀਅਤ

ਸ. ਗੁਰਦਿੱਤ ਸਿੰਘ ਜੀ ਦਾ ਜਨਮ ਪਿੰਡ ਸੰਤਪੁਰਾ ਜ਼ਿਲ੍ਹਾ ਗੁਜਰਾਤ ਦਾ ਸੀ। ਕਈ ਸਾਲਾਂ ਤੋਂ ਆਸਟਰੇਲੀਆ ਵਿਚ ਕੱਪੜੇ ਦਾ ਵਪਾਰ ਕਰਦੇ ਸਨ। ਇਨ੍ਹਾਂ ਦਾ ਕੋਈ ਬੱਚਾ ਨਹੀਂ ਸੀ। ਸਿੰਘਣੀ ਨੂੰ ਨਾਲ ਨਹੀਂ ਸੀ ਲਿਜਾਂਦੇ। ਇਕੱਲੇ ਹੀ ਉਥੇ ਜਾ ਕੇ ਵਪਾਰ ਕਰਦੇ ਸਨ। ਇਨ੍ਹਾਂ ਦਾ ਇਕ ਭਰਾ ਸ. ਲਾਲ ਸਿੰਘ ਸੀ, ਉਸ ਦਾ ਵਪਾਰ ਦਾ ਕੰਮ ਇਥੇ ਹੀ ਚੰਗਾ ਸੀ। ਕਈ ਵੇਰ ਸ. ਗੁਰਦਿੱਤ ਸਿੰਘ ਨੇ ਭਰਾ ਨੂੰ ਆਸਟਰੇਲੀਆ ਮੰਗਾਉਣ ਦਾ ਯਤਨ ਕੀਤਾ, ਪਰ ਸ. ਲਾਲ ਸਿੰਘ ਕਹਿੰਦੇ ਕਿ ਮੇਰਾ ਇਥੇ ਹੀ ਆਸਟਰੇਲੀਆ ਹੈ। ਦੇਵਨਾਤ ਕੁਦਰਤ ਦੀ ਖੇਲ। ਸ. ਗੁਰਦਿੱਤ ਸਿੰਘ ਜੀ ਦੀ ਮੌਤ ਹੋ ਗਈ। ਆਪਣੀ ਮੌਤ ਤੋਂ ਪਹਿਲਾਂ ਉਹਨਾਂ ਨੇ ਆਸਟਰੇਲੀਆ ਦੇ ਮਕਾਨ, ਬੈਂਕਾਂ ਦਾ ਰੁਪਯਾ ਆਦਿ ਸਾਰੀ ਜਾਇਦਾਦ ਦੀ ਵਸੀਅਤ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਮ ਕਰ ਦਿੱਤੀ। ਮਹਾਂਪੁਰਖਾਂ ਨੇ ਸ. ਗੁਰਦਿੱਤ ਸਿੰਘ ਜੀ ਦੇ ਭਰਾ ਭਾਈ ਲਾਲ ਸਿੰਘ ਜੀ ਨੂੰ ਆਸਟਰੇਲੀਆ ਮੁਖਤਾਰਨਾਮਾ ਦੇ ਕੇ ਭੇਜਿਆ। ਇਨ੍ਹਾਂ ਉਥੇ ਜਾ ਕੇ ਮਕਾਨ ਵੇਚੇ। ਉਸ ਦੀ ਰਕਮ ਭੀ ਅਤੇ ਬੈਂਕਾਂ ਵਿਚ ਜੋ ਰਕਮ ਸੀ, ਉਹ ਭੀ ਸਭ ਹਿੰਦੁਸਤਾਨ ਦੇ ਬੈਂਕ ਪੰਜਾਬ ਨੈਸ਼ਨਲ ਬੈਂਕ ਵਿਚ ਜਾਂ ਜਿੱਥੇ ਕਿ ਆਪ ਜੀ ਦਾ ਅਕਾਊਂਟ ਸੀ, ਟਰਾਂਸਫਰ ਕਰਾ ਦਿੱਤੀ ਅਤੇ ਕੁਝ ਦਿਨਾਂ ਪਿਛੋਂ ਸਾਰੀ ਕਾਰਵਾਈ ਕਰਕੇ ਭਾਈ ਲਾਲ ਸਿੰਘ ਵਾਪਸ ਆ ਗਏ।

(ਚਲਦਾ)

**ਕਿਰਤ ਕਰੋ, ਨਾਮ ਜਪੋ, ਵੰਡ ਛਕੋ।**

# ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ

ਮੇਜਰ ਸੰਗਤ ਸਿੰਘ ਬਾਵਾ (ਡੀ.ਈ.ਓ.) (ਰਿਟਾ.)

## ਭਾਈ ਮਨੀ ਸਿੰਘ ਦੇ ਪਰਿਵਾਰ ਦਾ ਪ੍ਰਭਾਵ



6 ਅਕਤੂਬਰ 1661 ਨੂੰ ਗੁਰੂ ਹਰਿ ਰਾਏ ਸਾਹਿਬ ਨੇ ਸਰੀਰ ਤਿਆਗ ਦਿੱਤਾ ਅਤੇ ਨਾਨਕ ਜੋਤ ਗੁਰੂ ਹਰਿ ਕ੍ਰਿਸ਼ਨ ਜੀ ਵਿਚ ਰੱਖੀ। ਭਾਈ ਮਨੀ ਸਿੰਘ ਉਸ ਸਮੇਂ ਤੋਂ ਅੱਠਵੇਂ ਗੁਰੂ ਸਾਹਿਬ ਦੀ ਸੇਵਾ ਕਰਦੇ ਰਹੇ ਅਤੇ ਜਦੋਂ ਗੁਰੂ ਜੀ ਦਿੱਲੀ ਗਏ ਤਾਂ ਆਪ ਵੀ ਉਨ੍ਹਾਂ ਨਾਲ ਹੀ ਸੀ। ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਦਿੱਲੀ ਹੀ ਸਰੀਰ ਤਿਆਗ ਦਿੱਤਾ ਅਤੇ ਨਾਨਕ ਜੋਤਿ ਗੁਰੂ ਤੇਗ ਬਹਾਦਰ ਸਾਹਿਬ ਵਿਚ ਰੱਖ ਦਿੱਤੀ ਅਤੇ ਜਦੋਂ ਗੁਰੂ ਸਾਹਿਬ ਨੂੰ ਗੁਰਿਆਈ ਦਾ ਤਿਲਕ ਲਗਾਇਆ ਗਿਆ, ਉਸ ਸਮੇਂ ਵੀ ਆਪ ਬਾਬੇ ਬਕਾਲੇ ਸੀ। ਉਸ ਸਮੇਂ ਤੋਂ ਗੁਰੂ ਤੇਗ ਬਹਾਦਰ ਸਾਹਿਬ ਦੀ ਸੇਵਾ ਵਿਚ ਰਹੇ। ਉਨ੍ਹਾਂ ਨਾਲ ਹੀ ਕੀਰਤਪੁਰ ਸਾਹਿਬ ਰਹੇ। ਗੁਰੂ ਤੇਗ ਬਹਾਦਰ ਸਾਹਿਬ ਨੇ ਬਾਅਦ ਵਿਚ ਚੱਕ ਨਾਨਕੀ (ਅਨੰਦਪੁਰ ਸਾਹਿਬ) ਵਸਾਇਆ ਅਤੇ ਉੱਥੇ ਹੀ ਚਲੇ ਗਏ। ਭਾਈ ਮਨੀ ਸਿੰਘ ਵੀ ਗੁਰੂ ਜੀ ਨਾਲ ਹੀ ਚੱਕ ਨਾਨਕੀ ਜਾ ਕੇ ਸੇਵਾ ਕਰਨ ਲੱਗੇ। ਇਸ ਸਮੇਂ ਤੱਕ ਆਪ ਗੁਰਬਾਣੀ ਬਾਰੇ ਬਹੁਤ ਜਾਣਕਾਰੀ ਪ੍ਰਾਪਤ ਕਰ ਚੁੱਕੇ ਸੀ।

**"ਸ਼ਾਸਤਰ ਬਿਦਿਯਾ ਗੁਰ ਘਰ ਮਾਹੀਂ। ਪ੍ਰਕਾਸੈ ਇਸ ਤੇ ਔਧਿਕਾਈ।**
**ਮਨੀ ਸਿੰਘ ਥਾ ਇਨ ਮੁਹਿ ਮੁੱਖੀਆ।"**

ਪਹਿਲਾਂ ਗੁਰੂ ਘਰ ਦੇ ਦੀਵਾਨ ਦਾ ਅਹੁਦਾ ਦੀਵਾਨ ਨੰਦ ਚੰਦ ਪਾਸ ਸੀ ਅਤੇ ਭਾਈ ਮਨੀ ਸਿੰਘ ਦੂਸਰੇ ਨੰਬਰ 'ਤੇ ਸੀ। ਇਕ ਵਾਰ ਉਦਾਸੀ ਸਾਧ ਦੀਵਾਨ ਨੰਦ ਚੰਦ ਨੂੰ ਹੱਥ ਲਿਖਤ ਗ੍ਰੰਥ ਸਾਹਿਬ ਸੁਧਾਈ ਲਈ ਦੇ ਗਏ ਪ੍ਰੰਤੂ ਨੰਦ ਚੰਦ ਬਾਅਦ ਵਿਚ ਇਸ ਤੋਂ ਮੁਕਰ ਗਿਆ। ਜਦੋਂ ਉਦਾਸੀ ਸਾਧਾਂ ਨੇ ਇਹ ਸੂਚਨਾ ਗੁਰੂ ਗੋਬਿੰਦ ਸਿੰਘ ਜੀ ਨੂੰ ਦਿੱਤੀ ਤਾਂ ਦੀਵਾਨ ਨੰਦ ਚੰਦ ਘਬਰਾ ਕੇ ਆਨੰਦਪੁਰ ਸਾਹਿਬ ਤੋਂ ਚਲੇ ਗਏ। ਇਸ ਉਪਰੰਤ ਭਾਈ ਮਨੀ ਸਿੰਘ ਨੂੰ ਗੁਰੂ ਘਰ ਦਾ ਦੀਵਾਨ ਦਾ ਸਥਾਨ ਦਿੱਤਾ ਗਿਆ। ਉਹ ਗੁਰੂ ਜੀ ਦੇ ਸਭ ਤੋਂ ਭਰੋਸੇਮੰਦ ਸਿੱਖ ਸਨ। ਆਪ ਗੁਰੂ ਘਰ ਦੇ ਆਦਰਮਾਨ ਦਾ ਸਦਾ ਧਿਆਨ ਰੱਖਦੇ। ਇਕ ਵਾਰ ਜਦੋਂ ਇਕ ਗੁਰਬਖਸ਼ ਨਾਮੀ ਮਸੰਦ ਨੇ ਗੁਰੂ ਜੀ ਦੀ ਪਾਉਂਟਾ ਸਾਹਿਬ ਵਿਖੇ ਮਾੜੇ ਸ਼ਬਦ ਬੋਲ ਕੇ ਨਰਾਦਰੀ ਕੀਤੀ ਤਾਂ ਆਪ ਨੇ ਉਸ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਤਾਂ ਜੋ ਉਸ ਦਾ ਅਗਿਆਨੀ ਮੂੰਹ ਮੁੜ ਨਾ ਖੁੱਲ੍ਹੇ। ਗੁਰੂ ਜੀ ਨੇ ਜਦੋਂ ਸਿੰਘ ਸਜਾਏ ਤਾਂ ਪਹਿਲੇ 5 ਪਿਆਰਿਆਂ ਅਤੇ ਪੰਜ ਮੁਕਤਿਆਂ ਦੇ ਬਾਅਦ ਆਪ ਅਤੇ ਆਪ ਦੇ ਪੰਜ ਪੁੱਤਰਾਂ ਨੇ ਅੰਮ੍ਰਿਤਪਾਨ ਕੀਤਾ ਅਤੇ ਸਿੰਘ ਸਜ ਗਏ।

**ਨਿਜ ਕਰ ਤੇ ਗੁਰ ਅੰਮ੍ਰਿਤ ਦੀਯੋ।**
**ਮਨੀਏ ਥੀ ਸਿੰਘ ਮਨੀਯੋ ਕੀਯੋ।** (ਸ਼ਹੀਦ ਬਿਲਾਸ ਪੰਨਾ 67)

ਗੁਰੂ ਜੀ ਨੇ 1701 ਵਿਚ ਭਾਈ ਮਨੀ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੈੱਡ ਗ੍ਰੰਥੀ ਥਾਪਿਆ ਅਤੇ ਆਪ ਨਾਲ 5 ਸਿੰਘ ਹੋਰ ਭੇਜੇ ਗਏ। ਆਪ ਨੇ ਸ੍ਰੀ ਅੰਮ੍ਰਿਤਸਰ ਹਰਿਮੰਦਰ ਸਾਹਿਬ ਦਾ ਪ੍ਰਬੰਧ ਸੰਭਾਲਿਆ। ਕਥਾ ਦਾ ਪ੍ਰਵਾਹ ਚਲਾਇਆ ਅਤੇ ਇਥੇ ਮੁੜ ਰੌਣਕਾਂ ਲੱਗ ਪਈਆਂ। ਆਪ ਗੁਰੂ ਸਾਹਿਬ ਦੇ ਦੱਖਣ ਜਾਣ ਦੇ ਬਾਅਦ ਵੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਰਹੇ। ਬੰਦਾ ਬਹਾਦਰ ਦੇ ਸਮੇਂ ਅਤੇ ਬਾਅਦ ਵਿਚ ਵੀ ਆਪ ਉਸ ਸਮੇਂ ਤੱਕ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਰਹੇ ਜਦ ਤੱਕ ਆਪ ਨੂੰ ਸਿੰਘਾਂ ਨੂੰ ਬਚਾਉਣ ਖ਼ਾਤਰ ਫੜ ਕੇ ਸ਼ਹੀਦ ਨਾ ਕਰ ਦਿੱਤਾ ਗਿਆ। ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਹੁੰਦਿਆਂ ਹੀ ਆਪ ਨੂੰ ਮਾਤਾ ਸੁੰਦਰ ਕੌਰ ਜੀ ਨੇ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿਚ ਸਮਝੌਤਾ ਕਰਾਉਣ ਦੀ ਜ਼ਿੰਮੇਵਾਰੀ ਸੌਂਪੀ ਜੋ ਆਪ ਨੇ ਸਫ਼ਲਤਾ ਨਾਲ ਨਿਭਾਈ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਗ੍ਰੰਥ ਸਾਹਿਬ ਲਿਖਵਾਇਆ ਤਾਂ ਇਸ ਕਾਰਜ ਲਈ ਆਪ ਨੇ ਭਾਈ ਮਨੀ ਸਿੰਘ ਨੂੰ ਚੁਣਿਆ। ਆਪ ਨੇ ਭਗਤ ਮਾਲਾ, ਗਿਆਨ ਰਤਨਾਵਲੀ ਪੋਥੀਆਂ ਵੀ ਲਿਖੀਆਂ ਅਤੇ ਬਾਣੀਆਂ ਨੂੰ ਅਜਿਹੇ ਢੰਗ ਨਾਲ ਪੋਥੀਆਂ ਵਿਚ ਲਿਖਿਆ ਜਿਸ ਨਾਲ ਇਨ੍ਹਾਂ ਦਾ ਪਾਠ ਸਹਿਲ ਹੋ ਜਾਵੇ। ਜਦੋਂ ਭਾਈ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਤਾਂ ਆਪ ਦਾ ਬੰਦ-ਬੰਦ ਕੱਟਣ ਲਈ ਹੁਕਮ ਸੀ। ਜਦੋਂ ਜਲਾਦ ਨੇ ਉਂਗਲਾਂ ਦੇ ਪੋਟੇ ਕੱਟਣ ਦੀ ਥਾਂ ਗੁੱਟ ਕੱਟਣਾ ਚਾਹਿਆ ਤਾਂ ਆਪ ਨੇ ਜਲਾਦ ਨੂੰ ਆਪਣੇ ਮਾਲਕ ਦਾ ਹੁਕਮ ਮੰਨ ਕੇ ਹਰ ਉਂਗਲ ਦੇ ਤਿੰਨ-ਤਿੰਨ ਬੰਦ ਵੱਖੋ-ਵੱਖ ਕੱਟਣ ਲਈ ਕਿਹਾ। ਆਪ ਦੀ ਸ਼ਹਾਦਤ ਸਮੇਂ ਆਯੂ 90 ਸਾਲ ਤੋਂ ਵੱਧ ਸੀ ਪ੍ਰੰਤੂ ਉਸ ਸਮੇਂ ਵੀ ਆਪ ਇਤਨੇ ਚੁਸਤ ਸਨ ਜਿਵੇਂ ਆਪ ਦੀ ਆਯੂ 50 ਸਾਲ ਤੋਂ ਘੱਟ ਹੋਵੇ। ਆਪ ਨਾਲ ਆਪ ਦੇ ਭਰਾ ਜਗਤਾ ਸਿੰਘ, ਪੁੱਤਰ ਭਾਈ ਚਿਤ੍ਰ ਸਿੰਘ ਅਤੇ ਭਾਈ ਗੁਰਬਖ਼ਸ਼ ਸਿੰਘ, ਪੋਤਰੇ ਭਾਈ ਗੁਲਜ਼ਾਰ ਸਿੰਘ ਅਤੇ ਭਾਈ ਸੰਗਤ ਸਿੰਘ ਅਤੇ ਹੋਰ 5 ਸਿੰਘਾਂ ਨੂੰ ਫੜ ਕੇ ਸ਼ਹੀਦ ਕਰ ਦਿੱਤਾ। ਭਾਈ ਮਨੀ ਸਿੰਘ ਤੇ ਗੁਰੂ ਸਾਹਿਬ ਦੀ ਇਤਨੀ ਦਇਆ ਦ੍ਰਿਸ਼ਟੀ ਸੀ ਕਿ ਉਨ੍ਹਾਂ ਵਿਚ ਉਹ ਸਾਰੇ ਗੁਣ ਭਰ ਦਿੱਤੇ ਜੋ ਕਿਸੇ ਵੀ ਚੰਗੇ ਤੋਂ ਚੰਗੇ ਮਨੁੱਖ ਵਿਚ ਮਿਲ ਸਕਦੇ ਹਨ। ਭਾਈ ਸਾਹਿਬ ਦੇ ਤਿੰਨ ਪੁੱਤਰ ਜਦੋਂ ਚਮਕੌਰ ਸਾਹਿਬ ਵਿਚ ਸ਼ਹੀਦ ਹੋਏ ਤਾਂ ਉਨ੍ਹਾਂ ਨਾਲ ਭਾਈ ਲੱਖੀ ਸ਼ਾਹ ਦੇ ਤਿੰਨ ਪੁੱਤਰ ਅਤੇ ਇਕ ਪੁੱਤਰ ਭਾਈ ਮੱਖਣ ਸ਼ਾਹ ਦਾ, ਇਕ ਭਾਈ ਮਨੀ ਸਿੰਘ ਦਾ ਭਰਾ, ਇਕ ਭਾਈ ਲੱਖੀ ਸ਼ਾਹ ਦਾ ਭਰਾ ਵੀ ਸ਼ਹੀਦ ਹੋ ਗਏ। ਭਾਈ ਮਨੀ ਸਿੰਘ ਜੀ ਦੇ ਬਹੁਤ ਸਾਰੇ ਰਿਸ਼ਤੇਦਾਰ ਅਤੇ ਪੋਤਰੇ ਵੀ ਸ਼ਹੀਦ ਹੋਏ। ਇਸ ਤਰ੍ਹਾਂ ਨਾਇਕ ਬਲੂਸ਼ਾਹੇ ਦੇ ਪਰਿਵਾਰ ਨੇ ਸਿੱਖ ਧਰਮ ਦੀ ਹਰ ਖੇਤਰ ਵਿਚ ਸੇਵਾ ਕੀਤੀ। ਇਸ ਪਰਿਵਾਰ ਦਾ ਪ੍ਰਭਾਵ ਭਾਈ ਮੱਖਣ ਸ਼ਾਹ ਤੇ ਬਹੁਤ ਸੀ।

(ਚਲਦਾ)

# ਬਾਬਾ ਬੁੱਢਾ ਜੀ ਜਨਮ ਦਿਨ 'ਤੇ ਵਿਸ਼ੇਸ਼



ਬਾਬਾ ਬੁੱਢਾ ਜੀ ਬੜੇ ਉੱਚੇ ਸੁਚੇ, ਕਰਨੀ ਵਾਲੇ ਪ੍ਰਸਿਧ, ਗੁਰਸਿੱਖ ਹੋਏ ਹਨ। ਉਨ੍ਹਾਂ ਨੇ ਗੁਰਸਿੱਖੀ ਦਾ ਉਪਦੇਸ ਸ੍ਰੀ ਗੁਰੂ ਨਾਨਕ ਦੇਵ ਜੀ ਲਿਆ ਅਤੇ ਛੇਵੀਂ ਪਾਤਿਸ਼ਾਹੀ ਦੇ ਸਮੇਂ ਤੀਕ ਗੁਰਸਿੱਖੀ ਦਾ ਨਮੂਨਾ ਬਣ ਕੇ ਜੀਵਨ ਬਤੀਤ ਕੀਤਾ।

ਬਾਬਾ ਜੀ ਦਾ ਜਨਮ ਸੁਘੇ ਰੰਧਾਵੇ ਜਟ ਦੇ ਘਰ ਗੌਰਾਂ ਦੀ ਕੁੱਖ ਤੋਂ ਕਤਕ ਸੰਮਤ ੧੫੬੩ ਨੂੰ ਕੱਥੂ ਨੰਗਲ, ਜ਼ਿਲਾ ਅੰਮ੍ਰਿਤਸਰ ਵਿੱਚ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਨਾਂ ਬੂੜਾ ਰੱਖਣ, ਮਗਰੋਂ ਗੁਰੂ ਨਾਨਕ ਦੇਵ ਜੀ ਦੇ ਬਚਨ ਜਬ ਉਨ੍ਹਾਂ ਦਾ ਨਾਂ ਬੁੱਢਾ ਜੀ ਪੈ ਗਿਆ। ਬੂੜਾ ਜੀ ਦੇ ਜਨਮ ਤੋਂ ਕੁਝ ਚਿਰ ਮਗਰੋਂ ਉਨ੍ਹਾਂ ਦੇ ਮਾਪੇ ਪਿੰਡ ਰਮਦਾਸ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਆ ਵੱਸੇ।

ਆਪ ਯਾਰ੍ਹਾਂ ਬਾਰ੍ਹਾਂ–ਵਰ੍ਹਿਆਂ ਦੇ ਸਨ, ਤਦ ਗੁਰੂ ਨਾਨਕ ਦੇਵ ਜੀ ਫਿਰਦੇ ਫਿਰਾਦੇਂ ਅਤੇ ਸਤਿਨਾਮੁ ਦੇ ਗੱਫੇ ਵਰਤਾਂਦੇ ਰਮਦਾਸ ਪਿੰਡ ਦੇ ਪਾਸ ਆ ਟਿਕੇ। ਬੂੜਾ ਜੀ ਵੀ ਮੱਝਾਂ ਚਾਰਦੇ ਓਥੇ ਆ ਗਏ। ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦਾ ਉਪਦੇਸ਼ ਸੁਣਿਆ। ਉਨ੍ਹਾਂ ਦੇ ਮਨ ਵਿੱਚ ਅਜਿਹੀ ਰੀਝ ਪੈਦਾ ਹੋ ਗਈ ਕਿ ਉਹ ਰੋਜ਼ ਨੇਮ ਨਾਲ ਗੁਰੂ ਜੀ ਪਾਸ ਆ ਬਿਹਾ ਕਰਨ ਅਤੇ ਕਿੰਨਾ ਕਿੰਨਾ ਚਿਰ ਟਿਕ ਬੈਠ ਕੇ ਉਨ੍ਹਾਂ ਦੇ ਦਰਸ਼ਨ ਕਰਦੇ ਤੇ ਕੰਨ ਲਾ ਕੇ ਬਚਨ ਸੁਣਦੇ ਰਿਹਾ ਕਰਨ। ਨਾਲ ਹੀ ਉਹ ਗੁਰੂ ਜੀ ਵਾਸਤੇ ਦੁੱਧ ਲਿਆ ਕੇ ਬੜੇ ਪ੍ਰੇਮੀ ਨਾਲ ਭੇਟ ਕਰਿਆ ਕਰਨ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਇਕ ਦਿਨ ਗੁਰੂ ਜੀ ਨੇ ਉਹਨਾਂ ਨੂੰ ਕਿਹਾ, 'ਕਾਕਾ ਤੇਰਾ ਕੀ ਨਾਂ ਹੈ? ਤੂੰ ਕੀ ਕੰਮ ਕਰਦਾ ਹੁੰਦਾ ਏਂ?'

**ਬੂੜਾ ਜੀ-** ਸੱਚੇ ਪਾਤਸ਼ਾਹ, ਮੈਂ ਰਮਦਾਸ ਵਿੱਚ ਰਹਿਣ ਵਾਲੇ ਇੱਕ ਜੱਟ ਦਾ ਪੁੱਤ ਹਾਂ। ਮਾਪਿਆਂ ਨੇ ਮੇਰਾ ਨਾਮ ਬੂੜਾ ਰੱਖਿਆ ਹੈ, ਮੈਂ ਮੱਝਾਂ ਚਾਰਿਆ ਕਰਦਾ ਹਾਂ।

**ਗੁਰੂ ਜੀ-**ਤੂੰ ਕੀ ਇੱਛਾ ਧਾਰ ਕੇ ਸਾਡੇ ਪਾਸ ਆਉਂਦਾ ਹੈ? ਤੂੰ ਕੀ ਚਾਹੁੰਦਾ ਹੈ?

**ਬੂੜਾ ਜੀ–** ਸੱਚੇ ਪਾਤਸ਼ਾਹ! ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁਖ ਤੇ ਡਰ ਤੋਂ ਬਚਾਓ, ਇਸ ਚੁਰਾਸੀ ਦੇ ਗੇੜ ਵਿੱਚੋਂ ਕੱਢੋ, ਮੁਕਤੀ ਬਖਸ਼ੋ।

**ਗੁਰੂ ਜੀ–** ਕਾਕਾ! ਤੇਰੀ ਤੇ ਹਾਲਾਂ ਖੇਡਣ–ਮੱਲ੍ਹਣ, ਖਾਣ–ਹਡਾਉਣ ਦੀ ਉਮਰ ਹੈ। ਤੈਨੂੰ ਮੌਤ ਤੇ ਮੁਕਤੀ ਦੇ ਖਿਆਲਾਂ ਨੇ ਕਿਵੇਂ ਆ ਫੜਿਆ? ਵੱਡਾ ਹੋਵੇਂਗਾ ਤਾਂ ਇਹ ਗੱਲਾਂ ਕਰੀਂ।

**ਬੂੜਾ ਜੀ -** ਮਹਾਰਾਜ ਜੀ! ਮੌਤ ਦਾ ਕੀ ਵਸਾਹ? ਕੀ ਪਤਾ ਕਦੋਂ ਆ ਝੱਫੇ! ਖਬਰੇ ਵੱਡਾ ਹੋਵਾਂ ਕਿ ਨਾ ਹੀ ਹੋਵਾਂ।


**ਗੁਰੂ ਜੀ–** ਤੈਨੂੰ ਇੰਨੀ ਛੋਟੀ ਉਮਰੇ ਇਹ ਸੋਚ ਕਿਵੇਂ ਫੁਰੀ, ਕਾਕਾ ਬੂੜਿਆ।

**ਬੂੜਾ ਜੀ-** ਮਹਾਰਾਜ ਜੀ, ਉਹ ਇਉਂ! ਕੁਝ ਚਿਰ ਹੋਇਆ, ਪਠਾਣ ਸਾਡੇ ਪਿੰਡ ਪਾਸ ਦੀ ਲੰਘੇ, ਉਹ ਬਦੋ ਬਦੀ ਸਾਡੀਆਂ ਫਸਲਾਂ ਵੱਢ ਕੇ ਲੈ ਗਏ– ਪੱਕੀਆਂ ਵੀ ਕੱਚੀਆਂ ਵੀ, ਤੇ ਅੱਧ ਪੱਕੀਆਂ ਵੀ। ਓਦੋ ਤੋਂ ਮੈਨੂੰ ਘੜੀ ਮੁੜੀ ਖਿਆਲ ਆਉਂਦਾ ਹੈ ਕਿ ਜਿਵੇਂ ਪਠਾਣ ਕੱਚੀਆਂ ਪੱਕੀਆਂ ਫਸਲਾਂ, ਵੱਢ ਕੇ ਲੈ ਗਏ ਹਨ ਤਿਵੇਂ ਹੀ ਮੌਤ ਵੀ ਬੱਚੇ, ਗਭਰੂ ਅਧਖੜ, ਬੁਢੇ ਨੂੰ ਜਦੋਂ ਜੀ ਕਰੇ ਆ ਨਪੇਗੀ। ਕੀ ਪਤਾ ਮੇਰੀ ਵਾਰੀ ਕਦੋਂ ਆ ਜਾਵੇ? ਇਸ ਕਰਕੇ ਮੈਂ ਮੌਤ ਤੋਂ ਡਰਦਾ ਹਾਂ। ਤੁਹਾਡੇ ਪਾਸ ਇਹ ਆਸ ਧਾਰ ਕੇ ਆਉਂਦਾ ਹਾਂ ਕਿ ਤੁਸੀਂ ਮੇਰਾ ਇਹ ਡਰ ਦੂਰ ਕਰੋਗੇ।

ਗੁਰੂ ਜੀ ਹੱਸ ਪਏ ਅਤੇ ਕਹਿਣ ਲਗੇ, 'ਤੂੰ ਹੈ ਤਾਂ ਬੱਚਾ, ਪਰ ਗੱਲਾਂ ਬੁਢਿਆਂ ਵਾਲੀਆਂ ਕਰਦਾ ਹੈ। ਤੂੰ ਬੱਚਾ ਨਹੀਂ, ਤੂੰ ਬੁਢਾ ਹੈ। ਤਕੜਾ ਹੋ, ਬੁਢੇ ਬਾਲਕਾ! ਰੱਬ ਮੌਤ ਨਾਲੋਂ ਕਿਤੇ ਵਧੇਰੇ ਵੱਡਾ ਤੇ ਬਲਵਾਨ ਹੈ। ਜੇ ਤੂੰ ਉਸ ਦਾ ਹੋ ਜਾਵੇਂ, ਤਾਂ ਮੌਤ ਤੈਨੂੰ ਡਰਾ ਨਾ ਸਕੇਗੀ, ਉਹ ਤੈਥੋਂ ਡਰਨ ਲਗ ਪਵੇਗੀ, ਤੂੰ ਅਮਰ ਹੋ ਜਾਵੇਂਗਾ, ਜਨਮ ਮਰਨ ਦੇ ਗੇੜ ਤੋਂ ਛੁਟ ਜਾਵੇਂਗਾ। ਰੱਬ ਨੂੰ ਹਰ ਵੇਲੇ ਚੇਤੇ ਰਖਿਆ ਕਰ, ਉਸ ਦਾ ਨਾਮ ਜਪਿਆ ਕਰ, ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਿਆ ਕਰ, ਉਨ੍ਹਾਂ ਦੀ ਪਿਆਰ ਨਾਲ ਸੇਵਾ ਕਰਿਆ ਕਰ, ਜੋ ਤੇਰੇ ਹਿਰਦੇ ਵਿਚ ਰੱਬ ਦਾ ਡਰ ਭਰ ਜਾਵੇ, ਤੂੰ ਉਸ ਨੂੰ ਖੁਸ਼ ਕਰਨ ਦੇ ਜਤਨ ਕਰਦਾ ਰਹੇਂ, ਤਾਂ ਤੇਰੇ ਮਨ ਵਿੱਚ ਰੱਬ ਲਈ ਪਿਆਰ ਪੈਦਾ ਹੋ ਪਵੇ, ਫੇਰ ਮੌਤ ਦਾ ਵੀ ਤੇ ਹੋਰ ਸਭੇ ਡਰ ਵੀ ਮਿਟ ਜਾਣ, ਤੈਨੂੰ ਮੁਕਤੀ ਮਿਲ ਜਾਵੇਗੀ।

ਉਸ ਦਿਨ ਤੋਂ ਬੂੜਾ ਜੀ ਦਾ ਨਾਂ 'ਬੁਢਾ' ਜੀ ਪੈ ਗਿਆ। ਸਿੱਖ ਉਨ੍ਹਾਂ ਨੂੰ ਸਤਕਾਰ ਨਾਲ ਬਾਬਾ ਬੁਢਾ ਜੀ ਆਖਦੇ ਹਨ। ਬੁਢਾ ਜੀ ਨੇ ਸਿੱਖੀ ਧਾਰਨ

ਕੀਤੀ ਉਹ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣ ਗਏ। ਉਹ ਘਰ-ਬਾਰ ਛੱਡ ਕੇ ਗੁਰੂ ਜੀ ਦੇ ਦਰਬਾਰੇ ਰਹਿਣ ਲੱਗ ਪਏ। ਸਾਰਾ ਦਿਨ ਸੰਗਤਾਂ ਦੀ ਸੇਵਾ ਟਹਿਲ ਕਰਦੇ, ਖੇਤਾਂ ਵਿਚ ਜਾ ਕੇ ਖੇਤੀ ਬਾੜੀ ਦਾ ਕੰਮ ਨਿਬਾਹੁੰਦੇ ਅਤੇ ਨਾਮ ਜਪਦੇ ਰਹਿੰਦੇ। ਉਨ੍ਹਾਂ ਨੇ ਆਪਣਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ ਅਤੇ ਗੁਰੂ ਜੀ ਦੇ 'ਨਾਮ ਜਪਣ' ਕਿਰਤ ਕਰਨ ਤੇ ਵੰਡ ਕੇ ਛਕਣ ਦੇ ਉਪਦੇਸ਼ ਨੂੰ ਕਮਾ ਕੇ ਵਿਖਾਇਆ। ਸੰਗਤਾਂ ਆਪ ਨੂੰ ਸਤਕਾਰ ਨਾਲ 'ਬਾਬਾ ਜੀ' ਆਖਣ ਲੱਗ ਪਈਆਂ।



ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਉਪਰ ਬਹੁਤ ਪਰਸੰਨ ਸਨ, ਇੰਨੇ ਪ੍ਰਸੰਨ ਕਿ ਜਦੋਂ ਆਪ ਨੇ ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਨੂੰ ਸੌਂਪੀਂ, ਤਾਂ ਉਨ੍ਹਾਂ ਨੂੰ ਗੁਰਿਆਈ ਦੀ ਰਸਮ ਆਪ ਨੇ ਬਾਬਾ ਬੁਢਾ ਜੀ ਪਾਸੋਂ ਅਦਾ ਕਰਵਾਈ। ਮਗਰੋਂ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਨੂੰ ਗੁਰਤਾ ਦੀ ਰਸਮ ਵੀ ਬਾਬਾ ਬੁਢਾ ਜੀ ਹੀ ਅਦਾ ਕਰਦੇ ਰਹੇ।

ਭਗਤੀ ਕਮਾਈ ਦਾ ਸਦਕਾ ਬਾਬਾ ਜੀ ਨੇ ਆਤਮਿਕ ਉੱਚਤਾ ਪਰਾਪਤ ਕੀਤੀ। ਸਿਖ ਸੰਗਤਾਂ ਵਿਚ ਉਹਨਾਂ ਦਾ ਖਾਸ ਸਤਿਕਾਰ ਹੋਣ ਲੱਗ ਪਿਆ। ਜਦ ਪਹਿਲੀ ਪਾਤਸ਼ਾਹੀ ਦੇ ਜੋਤੀ ਜੋਤ ਸਮਾਉਣ ਮਗਰੋਂ ਵੀ ਸ੍ਰੀ ਗੁਰੂ ਅੰਗਦ ਦੇਵ ਗੁਪਤ-ਵਾਸ ਵਿੱਚ ਹੀ ਰਹੇ ਅਤੇ ਆਪ ਦੇ ਦਰਸ਼ਨਾਂ ਦੇ ਅਭਿਲਾਸ਼ੀ ਸਿਖ ਆਪ ਨੂੰ ਲਭ ਨਾ ਸਕੇ, ਤਾਂ ਮੁਖੀ ਸਿਖ ਬਾਬਾ ਬੁਢਾ ਜੀ ਪਾਸ ਪਹੁੰਚੇ, ਜੋ ਉਸ ਵੇਲੇ ਆਪਣੇ ਪਿੰਡ ਰਮਦਾਸ ਰਹਿੰਦੇ ਸਨ, ਅਤੇ ਬੇਨਤੀ ਕੀਤੀ ਕਿ ਆਪਣੀ ਆਤਮਕ ਸ਼ਕਤੀ ਵਰਤ ਕੇ ਪਤਾ ਕਰੋ ਕਿ ਗੁਰੂ ਜੀ ਕਿੱਥੇ ਹਨ ਅਤੇ ਫਿਰ ਉਨ੍ਹਾਂ ਨੂੰ ਪਰਗਟ ਹੋ ਕੇ ਦਰਸ਼ਨ ਦੇਣ ਲਈ ਪ੍ਰੇਰੋ। ਬਾਬਾ ਬੁਢਾ ਜੀ ਨੇ ਰਾਤ ਦੀ ਇਕਾਂਤ ਸਮੇਂ ਪਾਠ ਕਰ ਕੇ, ਗੁਰੂ ਜੀ ਦਾ ਧਿਆਨ ਧਰ ਕੇ ਅਰਦਾਸ ਕੀਤੀ। ਉਨ੍ਹਾਂ ਨੂੰ ਖਡੂਰ ਸਾਹਿਬ ਦੀ ਮਾਈ ਨਿਭਾਈ ਦੇ ਘਰ ਬਿਰਾਜ਼ ਰਹੇ ਗੁਰੂ ਜੀ ਦੇ ਦਰਸ਼ਨ ਹੋਏ। ਅਗਲੀ ਸਵੇਰ ਉਹ ਖਡੂਰ ਸਾਹਿਬ ਗਏ ਅਤੇ ਸੰਗਤਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਾਏ।

ਇਸੇ ਤਰ੍ਹਾਂ ਜਦ ਤੀਜੇ ਸਤਿਗੁਰੂ, ਦਾਤੂ ਦੇ ਕ੍ਰੋਧ ਤੇ ਈਰਖਾ ਕਰਨ ਕਰਕੇ ਬਾਸਰਕੇ ਜਾ ਕੇ ਗੁਪਤ ਹੋ ਬੈਠੇ ਸਨ, ਤਾਂ ਵੀ ਸੰਗਤਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਲਭੋ ਤੇ ਪ੍ਰਗਟ ਕਰੋ। ਜਿਸ ਕੋਠੇ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਬੈਠੇ ਸਨ, ਉਸ ਦੀ ਕੰਧ ਨੂੰ ਸਨ੍ਹ ਲਾ ਕੇ ਬਾਬਾ ਜੀ ਨੇ ਆਪ ਨੂੰ ਪ੍ਰੇਰਿਆ ਕਿ ਸੰਗਤਾਂ ਨੂੰ ਦਰਸ਼ਨ ਦਿਓ।

ਜਦ ਪੰਚਮ ਪਾਤਸ਼ਾਹ ਨੇ ਸ੍ਰੀ ਦਰਬਾਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਤਿਆਰੀ ਅਰੰਭੀ ਤਾਂ ਬਾਬਾ ਜੀ ਇਸ ਸਵਾ ਦੇ ਮੋਢੀ ਪ੍ਰਬੰਧਕ ਬਣੇ। ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਤ ਉਤਰ-ਪੁਰਬ ਦੀ ਬਾਹੀ ਵਲ 'ਬਾਬਾ ਬੁਢਾ ਜੀ' ਦੀ ਬੇਰੀ ਹੁਣ ਤੀਕ ਮੌਜੂਦ ਹੈ। ਇਸੇ ਬੇਰੀ ਹੇਠ ਬਹਿ ਕੇ ਉਹ ਸੰਗਤਾਂ ਪਾਸੋਂ ਠੀਕ ਢੰਗ ਨਾਲ ਸੇਵਾ ਕਰਵਾਇਆ ਕਰਦੇ ਸਨ। ਉਹ ਹੱਥੀ ਸੇਵਾ ਵੀ ਕਰਦੇ ਸਨ। ਸੰਗਤਾਂ ਨੂੰ ਕਹੀਆਂ, ਟੋਕਰੀਆਂ ਤੇ ਹੋਰ ਸਮਿਆਨ ਦਿਆ ਕਰਦੇ ਸਨ ਅਤੇ ਸਾਰੇ ਕੰਮ ਦੀ ਨਿਗਰਾਨੀ ਕਰਿਆ ਕਰਦੇ ਸਨ।

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਝਬਾਲ ਦੇ ਪਾਸ ਕਾਫੀ ਸਾਰੀ ਭੋਂ ਗੁਰੂ ਜੀ ਨੂੰ ਭੇਟ ਹੋਈ ਸੀ। ਏਥੇ ਗੁਰੂ ਸਾਹਿਬਾਂ ਦਾ ਮਾਲ ਡੰਗਰ ਚਰਿਆ ਕਰਦਾ ਸੀ। ਇਸ ਨੂੰ ਬੀੜ ਆਖਦੇ ਸਨ। ਇਸ ਬੀੜ ਦੀ ਤੇ ਇਸ ਵਿਚਲੇ ਮਾਲ ਡੰਗਰ ਦੀ ਸੰਭਾਲ ਬਾਬਾ ਬੁਢਾ ਜੀ ਨੂੰ ਸੌਂਪੀ ਗਈ। ਬਾਬਾ ਜੀ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਇਸ ਬੀੜ ਵਿੱਚ ਗੁਰੂ ਘਰ ਦੀ ਸੇਵਾ ਕਰਦਿਆਂ ਗੁਜਾਰਿਆ। ਇਸ ਬੀੜ ਦਾ ਨਾਂ, ਬਾਬਾ ਬੁਢਾ ਜੀ ਦੀ ਬੀੜ ਜਾਂ ਬਾਬੇ ਦੀ ਬੀੜ ਪੈ ਗਿਆ। ਏਥੇ ਇਸ ਨਾਂ ਦਾ ਇਤਿਹਾਸਕ ਗੁਰਦੁਆਰਾ ਹੈ।

ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਿਆਸ ਦੇ ਕੰਢੇ ਉੱਤੇ ਸ੍ਰੀ ਗੁਰੂ ਅਰਜਨ ਦੇਵ ਦੇ ਵਸਾਏ ਨਗਰ ਸ੍ਰੀ ਹਰਿਗੋਬਿੰਦ ਪੁਰ ਵਿਚ ਜਾ ਟਿਕੇ ਅਤੇ ਓਥੇ ਉਨ੍ਹਾਂ ਨੂੰ ਜੰਗ ਕਰਨਾ ਪਿਆ, ਤਾਂ ਬਾਬਾ ਬੁਢਾ ਜੀ ਆਪ ਦੇ ਦਰਸ਼ਨਾਂ ਲਈ ਸ੍ਰੀ ਹਰਿਗੋਬਿੰਦ ਪੁਰ ਗਏ। ਉੱਥੇ ਉਨ੍ਹਾਨੇਂ ਬੇਨਤੀ ਕੀਤੀ ਹੁਣ ਮੈਂ ਬਹੁਤ ਬਿਰਧ ਹੋ ਗਿਆ ਹਾਂ। ਬੀੜ ਦੀ ਸੇਵਾ ਤੋਂ ਛੁੱਟੀ ਬਖਸ਼ੋਂ ਅਤੇ ਆਗਿਆ ਕਰੋ ਕਿ ਮੈਂ ਆਪਣੇ ਪਿੰਡ ਰਮਦਾਸ ਜਾ ਕੇ ਭਜਨ ਬੰਦਗੀ ਕਰਦਾ ਉਮਰ ਦੇ ਅਖ਼ੀਰੀ ਦਿਨ ਬਿਤਾਵਾਂ। ਨਾਲ ਹੀ ਬਚਨ ਦਿਓ ਕਿ ਜਦੋਂ ਮੈਂ ਦਰਸ਼ਨਾਂ ਲਈ ਅਰਦਾਸ ਕਰਾਂ, ਆਪ ਨੇ ਜ਼ਰੂਰ ਬਹੁੜਨਾ।"

ਗੁਰੂ ਜੀ ਦੀ ਆਗਿਆ ਲੈ ਕੇ ਬਾਬਾ ਜੀ ਰਮਦਾਸ ਜਾ ਟਿਕੇ ਅਤੇ ਭਜਨ ਬੰਦਗੀ ਵਿੱਚ ਰੁਝ ਗਏ। ਅੰਤ ਨੂੰ ਉਨ੍ਹਾਂ ਨੇ ਪਰਤੀਤ ਕੀਤਾ ਕਿ ਸਾਡੀ ਸਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਉਨ੍ਹਾਂ ਨੇ ਇੱਕ-ਮਨ ਹੋ ਕੇ ਗੁਰੂ ਜੀ ਨੂੰ ਧਿਆਇਆ ਤੇ ਦਰਸ਼ਨਾਂ ਲਈ ਬੇਨਤੀ ਕੀਤੀ। ਗੁਰੂ ਜੀ ਝਟ ਆ ਬਹੁੜੇ। ਉਨ੍ਹਾਂ ਦੇ ਦਰਸ਼ਨ ਕਰ ਕੇ, ਅਸੀਸ ਲੈ ਕੇ, ਬਾਬਾ ਜੀ ੧੪ ਮੱਘਰ ਸੰਮਤ ੧੬੮੮ ਨੂੰ ਸਚਖੰਡ ਨੂੰ ਪਧਾਰ ਗਏ। ਉਨ੍ਹਾਂ ਦੀ ਉਮਰ ਉਸ ਵੇਲੇ ਸਵਾ ਸੌ ਸਾਲ ਤੋਂ ਵੱਧ ਸੀ।

# ਸ. ਹਰੀ ਸਿੰਘ ਨਲੂਆ (1791-1837 ਈ.)

**ਬਾਬਾ ਪ੍ਰੇਮ ਸਿੰਘ ਹੋਤੀ**



**ਅਲ.ਫ ਆ.ਫਰੀਂ ਜੰਮਣਾ ਕਹਿਣ ਸਾਰੇ,**
**ਹਰੀ ਸਿੰਘ ਦੂਲੇ ਸਰਦਾਰ ਤਾਈਂ।**
**ਕਾਦਰ ਯਾਰ ਪਹਾੜਾਂ ਨੂੰ ਸੋਧਿਆਂ ਸੂ,**
**ਕਾਬਲ ਕੰਬਿਆ, ਖ਼ੌ.ਫ ਕੰਧਾਰ ਤਾਈਂ।**
**-ਕਾਦਰ ਯਾਰ**

ਸ. ਹਰੀ ਸਿੰਘ ਦਾ ਕੱਦ ਖ਼ਾਸਾ ਉੱਚਾ ਸੀ। ਸਰੀਰ ਵਿਚਲੇ ਮੇਲ ਦਾ, ਨਾ ਬਹੁਤ ਭਾਰੀ ਅਤੇ ਨਾ ਹੀ ਦਿੱਸਣ ਵਿਚ ਪਤਲਾ, ਪਰ ਡਾਢਾ ਸੁਡੌਲ ਤੇ ਫੁਰਤੀਲਾ ਸੀ। ਚਿਹਰਾ ਸੁਰਖ਼ੀ-ਭਿੰਨਾਂ, ਬੜੇ ਜਲਾਲ ਅਤੇ ਤੇਜ ਵਾਲਾ। ਦੇਖਣ ਵਾਲੇ ਉੱਤੇ ਆਪ ਦੇ ਤੇਜੱਸ੍ਵੀ ਚਿਹਰੇ ਦਾ ਐਸਾ ਪ੍ਰਭਾਵ ਛਾ ਜਾਂਦਾ ਸੀ ਕਿ ਮਾਨੋ ਇਹ ਜਾਦੂ ਦੇ ਅਸਰ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ ਹੁੰਦਾ। ਕਈ ਵਾਰੀ ਬੜੇ ਬੜੇ ਨਾਮੀ, ਮੁਦੱਬਰ ਅਤੇ ਪ੍ਰਸਿੱਧ ਜੋਧੇ ਕਿਸੇ ਮਾਮਲੇ ਦਾ ਪੱਕਾ ਫੈਸਲਾ ਮਨ ਵਿਚ ਕਰਕੇ ਆਪ ਜੀ ਦੇ ਸਾਹਮਣੇ ਆਉਂਦੇ, ਪਰ ਸਰਦਾਰ ਜੀ ਦੇ ਦਗ ਦਗ ਕਰ ਰਹੇ ਚਿਹਰੇ ਦੀ ਪਹਿਲੀ ਝਲਕ ਨਾਲ ਹੀ ਉਨ੍ਹਾਂ ਦਾ ਇਰਾਦਾ ਬਦਲ ਜਾਂਦਾ ਅਤੇ ਇਥੇ ਉਹੋ ਕੁਝ ਪਰਵਾਨ ਕਰਦੇ ਜਿਹੜੀ ਸਰਦਾਰ ਹਰੀ ਸਿੰਘ ਦੀ ਇੱਛਾ ਹੁੰਦੀ।

ਅੱਖਾਂ ਵਿਚ ਐਸੀ ਕਸ਼ਿਸ਼ ਸੀ ਕਿ ਕਈ ਵਾਰ ਵੱਡੇ-ਵੱਡੇ ਸੂਰਮੇ ਆਪ ਦੀਆਂ ਅੱਖਾਂ ਦੀ ਚਮਕ ਦੇਖਣ ਸਾਰ ਹੀਆ ਹਾਰ ਬਹਿੰਦੇ। ਅ.ਫਗਾਨਿਸਤਾਨ ਦਾ ਅਦੁੱਤੀ ਬਹਾਦਰ ਜੋਧਾ, ਮੁਹੰਮਦ ਅਜ਼ੀਮ ਖ਼ਾਂ ਸੰਨ 1823 ਈ. ਵਿਚ ਖੇਸ਼ਗੀ ਦੇ ਮੈਦਾਨ ਵਿਚ ਜਦ ਆਪ ਨਾਲ ਦੋ ਚਾਰ ਹੋਇਆ ਤਾਂ ਅੱਖਾਂ ਮਿਲਾਉਣ ਦੀ ਦੇਰ ਸੀ ਕਿ ਬਾਰਕਜ਼ਈ ਖ਼ਾਨ ਉੱਤੇ ਸਰਦਾਰ ਜੀ ਦਾ ਐਸਾ ਰੋਹਬ ਛਾਇਆ ਕਿ ਉਹ ਮੈਦਾਨ ਵਿਚ ਇਕ ਪਲ ਲਈ ਵੀ ਹੋਰ ਠਹਿਰ ਨਾ ਸਕਿਆ। ਜਿਥੇ ਆਪ ਦੇ ਦਬਦਬੇ ਦਾ ਇਹ ਹਾਲ ਸੀ ਉਥੇ ਉਸ ਦੇ ਨਾਲ ਸਿਆਣਪ ਤੇ ਸੰਜੀਦਗੀ ਵੀ ਇਨੀ ਵੱਸੀ ਹੋਈ ਸੀ ਕਿ ਆਪਣਾ ਨਮੂਨਾ ਉਹ ਆਪ ਹੀ ਸਨ।

ਆਪ ਬੰਦੂਕ ਦਾ ਨਿਸ਼ਾਨਾ ਲਾਉਣ ਲਈ ਆਪਣੇ ਸਮੇਂ ਦੇ ਅਦੁੱਤੀ ਨਿਸ਼ਾਨਚੀ ਸਨ। ਪਰ ਆਪਦਾ ਮਨ-ਭਾਂਵਦਾ ਹਥਿਆਰ ਖ਼ਮਦਾਰ ਤਲਵਾਰ ਸੀ, ਜਿਸ ਨੂੰ ਆਪ ਅਤਿਅੰਤ ਤੇਜ਼ੀ ਨਾਲ ਚਲਾਉਂਦੇ ਹੁੰਦੇ ਸਨ ਅਤੇ ਘੰਟਿਆਂਬਧੀ ਚਲਾਉਂਦੇ ਨਹੀਂ ਸੀ ਥਕਦੇ। ਆਪ ਘੋੜਿਆਂ ਦੇ ਬੜੇ ਮੰਨੇ ਹੋਏ ਪਾਰਖੂ ਅਤੇ ਸ਼ੌਕੀਨ ਸਨ। ਇਹ ਗੁਣ ਸ਼ਾਇਦ ਆਪ ਨੇ ਆਪਣੇ ਪਿਆਰੇ ਮਹਾਰਾਜਾ ਸਾਹਿਬ ਤੋਂ ਪ੍ਰਾਪਤ ਕੀਤੇ ਸਨ। ਆਪ ਘੋੜੇ ਦੇ ਇੰਨੇ ਜ਼ਬਰਦਸਤ ਚਾਬਕ-ਸਵਾਰ ਸਨ ਕਿ ਆਪ ਦੇ ਇਸ ਕਮਾਲ ਨੂੰ ਵੇਖਣ ਵਾਲੇ ਅਚੰਭਾ ਹੋ ਜਾਂਦੇ ਸਨ। ਸੰਨ 1831 ਈ. ਵਿਚ ਰੋਪੜ ਦੇ ਦਰਬਾਰ ਸਮੇਂ ਆਪ ਨੇ ਆਪਣੀ ਸ਼ਾਹ-ਸਵਾਰੀ ਤੇ ਸ਼ਮਸ਼ੇਰਜ਼ਨੀ ਦੇ ਉਹ ਕਮਾਲ ਦੱਸੇ ਹਨ ਕਿ ਕਮਾਂਡਰ ਇਨ-ਚੀ.ਫ ਅਤੇ ਗਵਰਨਰ-ਜਨਰਲ, ਸਣੇ ਹੋਰ ਫੌਜੀ ਅ.ਫਸਰਾਂ ਦੇ, ਹੈਰਾਨ ਰਹਿ ਗਏ ਸਨ।

ਸੁਭਾ ਵਿਚ ਇਨੀ ਸਹਿਣ-ਸ਼ਕਤੀ ਸੀ ਕਿ ਲੋੜ ਸਮੇਂ ਆਪ ਦੋ ਦੋ ਦਿਨ ਲਗਾਤਾਰ ਘੋੜੇ ਦੀ ਪਿੱਠ ਪਰ ਰਹਿ ਸਕਦੇ ਸਨ।

ਸਰਦਾਰ ਹਰੀ ਸਿੰਘ ਨੇ ਜਿਸ ਸਮੇਂ ਆਪਣਾ ਜੀਵਨ ਅਰੰਭਿਆ, ਆਪ ਜੀ ਦੇ ਸਿਰ ਤੇ ਨਾ ਪਿਤਾ ਦੀ ਸਹਾਇਤਾ ਦਾ ਹੱਥ ਸੀ ਅਤੇ ਨਾ ਹੀ ਕੋਈ ਹੋਰ ਸੰਬੰਧ ਜਾਂ ਵਸੀਲਾ ਸ.ਫਾਰਸ਼ ਕਰਨ ਵਾਲਾ ਸੀ। ਜੇ ਆਸਰਾ ਸੀ ਤਾਂ ਕੇਵਲ ਅਕਾਲ ਪੁਰਖ ਦਾ ਅਤੇ ਆਪਣੀ ਹਿੰਮਤ ਦਾ। ਇਸੇ ਵਸੀਲੇ ਨੂੰ ਲੈ ਕੇ ਉਹ ਮੈਦਾਨ ਵਿਚ ਆਇਆ ਅਤੇ ਇਕ ਛੋਟੇ ਤੋਂ ਛੋਟੇ ਦਰਜੇ ਤੋਂ ਜੀਵਨ ਸ਼ੁਰੂ ਕਰ ਕੇ ਵੱਡੇ ਤੋਂ ਵੱਡੇ ਕਾਮਯਾਬ ਜਗਤ-ਪ੍ਰਸਿੱਧ ਸਿਪਾਹਸਾਲਾਰ (ਕਮਾਂਡਰ ਇਨ-ਚੀ.ਫ) ਅਤੇ ਖ਼ੁਦ-ਮੁਖ਼ਤਾਰ ਗਵਰਨਰ ਦੇ ਮਹਾਨ ਉੱਚੇ ਅਹੁਦਿਆਂ ਪਰ ਪਹੁੰਚਿਆ। ਸ਼ੇਰਿ ਪੰਜਾਬ ਨੂੰ ਆਪਣੀ ਯੋਗਤਾ ਨਾਲ ਇਥੋਂ ਤੀਕ ਰੀਝਾਇਆ ਕਿ ਦੋ ਸੂਬਿਆਂ ਵਿਚ ਆਪ ਨੂੰ ਆਪਣੇ ਨਾਂ ਦਾ ਸਿੱਕਾ (ਜ਼ਰਬ) ਚਲਾਉਣ ਦਾ ਸਭ ਤੋਂ ਉੱਚਾ ਅਧਿਕਾਰ ਦਿੱਤਾ ਗਿਆ। ਸੰਸਾਰ-ਯਾਤਰਾ ਨੂੰ ਪੂਰਾ ਕਰਨ ਸਮੇਂ ਆਪ ਜੀ ਦੀ ਜਾਗੀਰ ਤੇ ਤਲਬ ਆਦਿ ਮਿਲਾ ਕੇ 852000 ਰੁਪਿਆ ਸਾਲਾਨਾ ਸੀ, ਅਰਥਾਤ 71000 ਰੁਪਿਆ ਮਹੀਨਾ ਆਮਦਨ ਸੀ। ਇਹ ਗੱਲ ਹੋਰ ਵਧੇਰੇ ਆਪ ਜੀ ਦਾ ਸਤਿਕਾਰ ਦਿਲਾਂ ਵਿਚ ਪੈਦਾ ਕਰ ਦੇਂਦੀ ਹੈ ਜਦ ਅਸੀਂ ਵੇਖਦੇ ਹਾਂ ਕਿ ਆਪ ਇਨੇ ਉੱਚੇ ਮੁਰਾਤਬੇ ਪਰ ਪਹੁੰਚ ਕੇ ਵੀ ਨਾਜ਼ਕ-ਮਿਜ਼ਾਜ ਤੇ ਸੁਖ-ਰਹਿਣ ਅਮੀਰ ਨਹੀਂ ਸਨ ਬਣ ਗਏ। ਆਪ ਜਿਉਂ-ਜਿਉਂ ਉੱਨਤੀ ਕਰਕੇ ਉੱਚੇ ਹੁੰਦੇ ਗਏ ਆਪ ਦਾ ਸੁਭਾ ਤਿਉਂ-ਤਿਉਂ ਵਧੇਰੇ ਮਿਹਨਤੀ ਅਤੇ ਸਹਾਰੇ ਵਾਲਾ ਹੁੰਦਾ ਗਿਆ। ਕਈ ਵਾਰ ਆਪ ਆਪਣੇ ਮਾਮੂਲੀ ਸਿਪਾਹੀਆਂ ਨਾਲ ਇਕ ਥਾਂ ਬੈਠ ਕੇ ਦੋ ਮੁਠਾਂ ਛੋਲੇ ਤੇ ਬੁਕ ਪਾਣੀ ਦਾ ਪੀ ਕੇ ਸਾਰਾ ਸਾਰਾ ਦਿਨ ਮੈਦਾਨ ਵਿਚ ਲੜਦੇ ਰਹੇ ਸਨ। ਆਪ ਦੇ ਇਸ ਨੇਕ ਸੁਭਾ ਪਰ ਆਪ ਦੇ ਸਿਪਾਹੀ ਆਪ ਤੋਂ ਵਾਰਨੇ ਤੇ ਬਲਿਹਾਰਨੇ

ਜਾਂਦੇ ਸਨ। ਆਪ ਨੇ ਕਦੇ ਕੋਈ ਕੰਮ ਅੱਧੇ ਦਿਲ ਨਾਲ ਨਹੀਂ ਸੀ ਕੀਤਾ। ਸੋਚ ਦੇ ਬਾਅਦ ਜਦ ਆਪ ਕਿਸੇ ਕੰਮ ਨੂੰ ਹੱਥ ਵਿਚ ਲੈਂਦੇ ਤਾਂ ਉਸ ਨੂੰ ਸਿਰੇ ਚਾੜ੍ਹਨ ਲਈ ਆਪਣਾ ਪੂਰਾ-ਪੂਰਾ ਦਿਲ ਉਧਰ ਲਾ ਦੇਂਦੇ।

ਇਹੋ ਹਾਲ ਆਪ ਦਾ ਮੈਦਾਨੇ ਜੰਗ ਵਿਚ ਸੀ। ਜਦ ਆਪ ਮੈਦਾਨ ਵਿਚ ਆਉਂਦੇ, ਤਾਂ ਆਪਣੀ ਜਾਨ ਤੋਂ ਹੱਥ ਧੋ ਕੇ ਬੇਪਨਾਹ ਜੋਸ਼ ਨਾਲ ਵੈਰੀ ਦੇ ਗੱਲ ਜਾ ਪੈਂਦੇ। ਇਸ ਨਿਰਭੈਤਾ ਤੇ ਜੋਸ਼ ਨੂੰ ਦੇਖ ਕੇ ਵੈਰੀਆਂ ਦੀਆਂ ਸਤੇ ਸੁੱਧਾਂ ਭੁੱਲ ਜਾਂਦੀਆਂ। ਆਪ ਦੇ ਨਾਲ ਦੇ ਸਾਥੀ ਤੇ ਫ਼ੌਜ ਆਪ ਦੀ ਇਸ ਵਰਿਆਮਤਾ ਦੇ ਨਮੂਨੇ ਵੇਖ-ਵੇਖ ਕੇ ਉਨ੍ਹਾਂ ਹੀ ਪੂਰਨਿਆਂ ਉੱਤੇ ਤੁਰਦੇ। ਇਸ ਦਾ ਸਿੱਟਾ ਇਹ ਹੁੰਦਾ ਕਿ ਵੈਰੀਆਂ ਨੂੰ ਜਿਧਰ ਰਸਤਾ ਮਿਲਦਾ, ਉਹ ਉਧਰ ਹੀ ਭਜ ਨਿਕਲਦੇ। ਇਹੋ ਕਾਰਨ ਸੀ ਕਿ ਆਪ ਸਦਾ ਹੀ ਸਫ਼ਲ ਰਹਿੰਦੇ ਸਨ। ਇਹ ਕਹਿਣਾ ਮੂਲੋਂ ਹੀ ਅਸੱਤ ਹੈ ਕਿ ਸਰਦਾਰ ਹਰੀ ਸਿੰਘ ਦੀਆਂ ਜਿੱਤਾਂ ਦਾ ਮੂਲ ਕਾਰਨ ਆਪਣੀ ਫੌਜ ਦਾ ਵੈਰੀਆਂ ਦੇ ਟਾਕਰੇ ਪਰ ਬਹੁਤੀ ਹੋਣ ਕਰਕੇ ਹੁੰਦਾ ਸੀ। ਬਲਕਿ ਇਤਿਹਾਸ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਆਪ ਨੇ ਆਪਣੇ ਨਾਲੋਂ ਦੱਸ ਗੁਣਾਂ ਅਤੇ ਬਾਜ਼ੇ ਮੌਕਿਆਂ ਤੇ ਪੰਦਰਾਂ ਗੁਣਾਂ ਵੱਧ ਵੈਰੀ ਦੀ ਫ਼ੌਜ ਪਰ ਫਤਹਿ ਪਾਈ। ਮਿਸਾਲ ਦੇ ਤੌਰ ਤੇ ਜਹਾਂਗੀਰ (ਸੈਦੂ) ਤੇ ਮਾਂਗਲੀ ਦੀਆਂ ਲੜਾਈਆਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਸੈਦੂ ਵਿਚ ਵੈਰੀਆਂ ਦੇ ਲਸ਼ਕਰ ਦੀ ਗਿਣਤੀ 15000 ਸੀ। ਸਰਦਾਰ ਹਰੀ ਸਿੰਘ ਨੇ ਕੇਵਲ 8000 (ਅੱਠ ਹਜ਼ਾਰ ਫ਼ੌਜ) ਨਾਲ ਉਨ੍ਹਾਂ ਪਰ ਪੂਰੀ ਫਤਹਿ ਪਾਈ। ਇਸੇ ਤਰ੍ਹਾਂ ਮਾਂਗਲੀ ਦੀ ਜਿੱਤ ਸਮੇਂ ਆਪ ਨੇ ਕੇਵਲ 7000 ਫ਼ੌਜ ਨਾਲ 25000 ਵੈਰੀਆਂ ਦੇ ਲਸ਼ਕਰ ਪਰ ਸਫਲਤਾ ਪ੍ਰਾਪਤ ਕੀਤੀ ਸੀ। ਬਾਲ ਕੋਟ, ਬਗੜਾ, ਤਰੱਕੀ (ਨੁਸ਼ਹਿਰਾ) ਅਤੇ ਪਿਸ਼ਾਵਰ ਦੀਆਂ ਫ਼ਤਹਿਯਾਬੀਆਂ ਦੇ ਸਮੇਂ ਆਪ ਨੇ ਆਪਣੀ ਬਹੁਤ ਘੱਟ ਫ਼ੌਜ ਨਾਲ ਵੈਰੀਆਂ ਦੀਆਂ ਬਹੁਤ ਵੱਧ ਫ਼ੌਜਾਂ ਉੱਤੇ ਜਿੱਤਾਂ ਪ੍ਰਾਪਤ ਕੀਤੀਆਂ। ਇਹੋ ਕਾਰਨ ਸੀ ਕਿ ਆਪ ਦੇ ਜੰਗੀ ਕਮਾਲਾਤ ਅਤੇ ਫ਼ਤਹਿਯਾਬੀਆਂ ਨਾਲ ਆਪ ਦਾ ਨਾਂ ਵੈਰੀਆਂ ਲਈ ਹਊਆ ਬਣ ਗਿਆ ਸੀ। ਚਾਰਲਸ ਮੇਸਨ ਲਿਖਦਾ ਹੈ ਕਿ ਸੰਨ 1837 ਦੀ ਜਮਰੋਦ ਦੀ ਲੜਾਈ ਵਿਚ ਜਿਸ ਵਕਤ ਤੱਕ ਨਾਇਬੁਲ ਸਲਤੱਨਤ ਅਤੇ ਅਮੀਰ ਦੋਸਤ ਮੁਹੰਮਦ ਖ਼ਾਨ ਦੇ ਪੁੱਤਰਾਂ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਯਕੀਨ ਸੀ ਕਿ ਸਰਦਾਰ ਹਰੀ ਸਿੰਘ ਜਮਰੋਦ ਦੇ ਮੈਦਾਨੇ-ਜੰਗ ਵਿਚ ਮੌਜੂਦ ਨਹੀਂ, ਉਸ ਵਕਤ ਤੱਕ ਤਾਂ ਉਹ ਬੜੇ ਹੌਂਸਲੇ ਤੇ ਚਾਅ ਨਾਲ ਇਕ ਦੂਜੇ ਤੋਂ ਅੱਗੇ-ਅੱਗੇ ਵੱਧ ਕੇ ਕਦਮ ਸੁੱਟਦੇ ਸਨ। ਪਰ ਜਿਸ ਸਮੇਂ ਇੱਕਾ ਇੱਕ ਇਹ ਗੱਲ ਮੈਦਾਨ ਵਿਚ ਹੁਗ ਗਈ ਕਿ ਸਰਦਾਰ ਹਰੀ ਸਿੰਘ ਆਪ ਮੈਦਾਨ ਵਿਚ ਪਹੁੰਚ ਗਿਆ ਹੈ, ਬਸ ਹੁਣ ਇਨ੍ਹਾਂ ਦਾ ਉਹ ਜੋਸ਼ ਠੰਢਾ ਪੈ ਗਿਆ ਤੇ ਐਸੇ ਹੌਂਸਲੇ ਹਾਰੇ ਕਿ ਬਿਨਾਂ ਇਕ ਦੂਜੇ ਦੀ ਉਡੀਕ ਦੇ ਜਿਨ੍ਹਾਂ ਛੇਤੀ ਜਿਸ ਨੂੰ ਸਮਾਂ ਲੱਭਾ, ਉਸ ਨੇ ਮੈਦਾਨ ਤੋਂ ਨੱਸ ਕੇ ਆਪਣੀ ਜਾਨ ਨੂੰ ਬਚਾ ਲਿਆ।

● ● ●




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਸਤੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਗੁਰਚਰਨ ਸਿੰਘ
ਸੀਨੀਅਰ ਵਾਇਸ ਪ੍ਰਧਾਨ
(ਹੈੱਡ ਕੁਆਰਟਰ)

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:)
## ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,

।। ਵਾਹਿਗੁਰੂ ਜੀ ਕਾ ਖਾਲਸਾ।।
।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਪਿਛਲੀ ਰਿਪੋਰਟ ਦੀ ਲਗਾਤਾਰਤਾ ਵਿੱਚ ਸਤੰਬਰ 2023 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਸਤੰਬਰ ਮਹੀਨੇ ਦੀ ਕੁੱਲ ਆਮਦਨ (ਰੁਪਏ) - 500762/-

ਸਤੰਬਰ ਮਹੀਨੇ ਦਾ ਕੁੱਲ ਖਰਚ (ਰੁਪਏ) - 483780/-

2. **ਵਰਕਿੰਗ ਕਮੇਟੀ ਦੀ ਮੀਟਿੰਗ ਬਾਰੇ** - ਵਰਕਿੰਗ ਕਮੇਟੀ ਦੀ ਮੀਟਿੰਗ ਜੋ ਕਿ 27 ਸਤੰਬਰ 2023 ਦਿਨ ਬੁੱਧਵਾਰ ਨੂੰ ਬਾਬਾ ਮੱਖਣ ਸਾਹ ਲੁਬਾਣਾ ਫਾਉਂਡੇਸ਼ਨ ਦੇ ਕਾਨਫਰੰਸ ਹਾਲ ਵਿੱਚ ਹੋਈ। ਜਿਸ ਵਿੱਚ ਕਮੇਟੀ ਮੈਂਬਰਾਂ ਨੇ ਹਾਜ਼ਰੀਆਂ ਭਰਦੇ ਹੋਏ ਵੱਖ-ਵੱਖ ਮੁੱਦਿਆਂ ਤੇ ਵਿਚਾਰ ਵਟਾਂਦਰਾਂ ਕੀਤਾ ਤੇ ਭਵਨ ਵਿਚਲੇ ਰਹਿੰਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਪ੍ਰਧਾਨ ਜੀ ਵਲੋਂ ਉਨ੍ਹਾਂ ਨੂੰ ਪੂਰਾ ਕਰਨ ਲਈ ਬੇਨਤੀ ਕੀਤੀ ਗਈ।

3. **ਸਤੰਬਰ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ।

4. **ਡੈਂਟਲ ਕਲੀਨਿਕ ਦੀ ਰਿਪੋਰਟ** - ਡੈਂਟਲ ਕਲੀਨਿਕ ਦੀ ਰਿਪੋਰਟ ਦੇ ਅਨੁਸਾਰ ਡਾਕਟਰ ਅਵਨੀਤ ਬਾਨੀ ਲਾਂਬਾ ਵਲੋਂ ਡੈਂਟਲ ਕਲੀਨਿਕ ਦਾ ਕੰਮ ਤਸੱਲੀ ਬਖ਼ਸ਼ ਚੱਲ ਰਿਹਾ ਹੈ।

5. **ਮੁੱਖ ਆਡਿਟੋਰਿਅਮ ਦੀ ਮੁਰੰਮਤ ਬਾਰੇ** - ਮੁੱਖ ਆਡਿਟੋਰਿਅਮ ਦੀਆਂ ਲਾਈਟਾਂ ਕਾਫ਼ੀ ਸਮੇਂ ਤੋਂ ਖਰਾਬ ਸਨ ਅਤੇ ਕਾਫ਼ੀ ਸਮੇਂ ਤੋਂ ਕੰਮ ਨਹੀਂ ਸਨ ਕਰ ਰਹੀਆਂ, ਉਹਨਾਂ ਦੀ ਥਾਂ ਤੇ ਨਵੀਆਂ ਲਾਈਟਾਂ ਲਗਾ ਕੇ ਉਹਨਾਂ ਦੀ ਕਮੀ ਪੂਰੀ ਕਰ ਦਿੱਤੀ ਗਈ ਹੈ। ਹਾਲ ਦੇ ਵਿਚ ਐਲਈਡੀ ਦੀ ਲਾਈਟਾਂ 22 ਵਾਟ ਅਤੇ 15 ਵਾਟ ਦੀਆਂ ਫ਼ਿਲਿਪਸ ਪੈਨਲ ਦੀਆਂ ਲਗਾ ਕੇ ਅਤੇ ਹੋਰ ਲੋੜੀਂਦਾ ਲਗਦਾ ਸਮਾਨ ਲਗਾ ਕੇ ਛੱਤ ਦੀ ਲਾਇਟਿੰਗ ਨੂੰ ਪੂਰਾ ਕਰ ਦਿੱਤਾ ਗਿਆ ਹੈ। ਆਡਿਟੋਰਿਅਮ ਦੇ ਦੋਵੇਂ ਪਾਸੇ ਰਸਤਿਆਂ ਵਿਚ ਇੱਕ-ਇਕ ਛੱਡ ਕੇ ਲਾਈਟਾਂ ਵੀ ਲਗਾ ਦਿੱਤੀਆਂ ਗਈਆਂ ਹਨ।

ਮੇਨ ਆਡਿਟੋਰਿਅਮ ਦੀ ਸਟੇਜ਼ ਦੀਆਂ ਲੱਕੜੀ ਦੀਆਂ ਬਲੋਕ ਟਾਇਲਾਂ ਜ਼ਿਆਦਾਤਰ ਉੱਖੜ ਗਈਆਂ ਹਨ ਅਤੇ ਸੈਲਾਬ ਕਾਰਨ ਇਨ੍ਹਾਂ ਟਾਇਲਾਂ ਦੀ ਖ਼ਰਾਬੀ ਹੋਈ ਹੈ ਕਿਉਂਕਿ ਛੱਤ ਵਲੋਂ ਏ.ਸੀ. ਪਲਾਂਟ ਦੀ ਡਕਟ ਅਤੇ ਕੰਦ ਦੇ ਜੋੜ ਵਿੱਚੋਂ ਬਰਸਾਤ ਕਾਰਨ ਸੈਲਾਬ ਆਈ ਹੈ। ਵਰਕਿੰਗ ਕਮੇਟੀ ਵਿੱਚ ਮਿਤੀ 27-09-2023 ਨੂੰ ਇਹ ਮੁੱਦਾ ਵਿਚਾਰਿਆ ਗਿਆ ਅਤੇ ਸਟੇਜ਼ ਦੀ ਮੁਰੰਮਤ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ ਤਾਂ ਜੋ ਕੰਮ ਜਲਦ ਹੀ ਸੰਬੰਧਤ ਅਧਿਕਾਰੀ ਵਚਨ ਸਬੰਧਿਤ ਹੋਏ ਹਨ।

6. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ** - ਇਹ ਕੰਮ ਅਜੇ ਨੇਪਰੇ ਨਹੀ ਚੜ੍ਹਿਆ, ਸਬੰਧਿਤ ਅਧਿਕਾਰੀ ਵੱਲੋਂ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਸ ਦੀ ਜਲਦੀ ਹੀ ਐਨ.ਓ.ਸੀ. ਪ੍ਰਾਪਤ ਕੀਤੀ ਜਾਵੇਗੀ।

**7. ਜ਼ਰੂਰਤ ਅਤੇ ਹੋਣਹਾਰ ਬੱਚਿਆਂ ਨੂੰ ਵਜ਼ੀਫੇ ਦੇਣ ਸੰਬੰਧੀ** - ਅਗਸਤ ਮਹੀਨੇ ਦੇ ਲੁਬਾਣਾ ਸੇਵਕ ਮੈਗਜ਼ੀਨ ਵਿੱਚ ਇੱਕ ਬਿਨੇ ਫ਼ਾਰਮ ਪ੍ਰਕਾਸ਼ਿਤ ਕੀਤਾ ਗਿਆ ਸੀ ਅਤੇ ਇਸ ਦੀ ਅਰਜੀਆਂ ਆਉਣ ਦੀ ਮਿਤੀ 30-09-2023 ਰੱਖੀ ਗਈ ਸੀ। ਹੁਣ ਅਰਜੀਆਂ ਘੱਟ ਆਉਣ ਕਰਕੇ ਅਰਜੀਆਂ ਲੈਣ ਦੀ ਮਿਤੀ 31-10-2023 ਕਰ ਦਿੱਤੀ ਗਈ ਹੈ ਅਤੇ ਨਾਲ ਹੀ ਬਿਨੈ ਫਾਰਮ ਦਾ ਖਰੜਾ ਅਤੇ ਕੈਟਗਰੀਆਂ ਦਾ ਵੇਰਵਾ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

**8. ਜੀਵਨ ਮੈਂਬਰ ਬਾਰੇ** - ਮਿਤੀ 27-09-2023 ਦੀ ਵਰਕਿੰਗ ਕਮੇਟੀ ਵਿੱਚ ਤੇਰਾਂ (13) ਨਵੇਂ ਬਿਨੈ ਪੱਤਰ ਫ਼ਾਊਂਡੇਸ਼ਨ ਦੇ ਜੀਵਨ ਮੈਂਬਰ ਬਨਣ ਲਈ ਆਏ ਸਨ ਜਿਨ੍ਹਾਂ ਦੀ ਜ਼ਰੂਰੀ ਮੈਂਬਰਸ਼ਿਪ ਫੀਸ ਜਮਾਂ ਹੋਈ ਹੈ ਅਤੇ ਬਿਨੈ ਪੱਤਰ ਯੋਗ ਹੋਣ ਕਰਕੇ ਵਰਕਿੰਗ ਕਮੇਟੀ ਵਲੋਂ ਸਾਰੇ 13 ਮੈਂਬਰਾਂ ਨੂੰ ਪ੍ਰਵਾਨਗੀ ਦਿੱਤੀ ਗਈ।

**9. ਭਾਈ ਮਨੀ ਸਿੰਘ ਬਲਾਕ ਦੀ ਮੁਰੰਮਤ ਬਾਰੇ** - ਮਿਤੀ 27-09-2023 ਨੂੰ ਵਰਕਿੰਗ ਕਮੇਟੀ ਵਿੱਚ ਇੰਜ: ਹਰਭਜਨ ਸਿੰਘ ਪ੍ਰਧਾਨ ਜੀ ਵਲੋਂ ਇਹ ਮੁੱਦਾ ਬੜੀ ਗੰਭੀਰਤਾ ਨਾਲ ਵਿਚਾਰਿਆ ਗਿਆ ਅਤੇ ਪੁਰਜ਼ੋਰ ਚਿੰਤਾ ਜਾਹਿਰ ਕਰਦੇ ਹੋਏ ਸੰਬੰਧਤ ਮੈਂਬਰਾਂ ਨੂੰ ਕਿਹਾ ਕਿ ਬੇਸਮੇਂਟ ਵਿੱਚ ਮੁਰੰਮਤ ਪੂਰੀ ਤਰ੍ਹਾਂ ਕਰਕੇ ਸਾਰੇ ਰਿਕਾਰਡ ਦੀ ਤਰਤੀਬਕਾਰ ਸਾਂਭ-ਸੰਭਾਲ ਸਟੀਲ ਦੀਆਂ ਅਲਮਾਰੀਆਂ ਵਿੱਚ ਕੀਤੀ ਜਾਵੇ ਤਾਂ ਜੋ ਸਿਉਂਕ ਤੇ ਚੂਹਿਆਂ ਤੋਂ ਖਰਾਬੀ ਹੋਣ ਤੋਂ ਬਚਾਇਆ ਜਾ ਸਕੇ ਅਤੇ ਲੋੜ ਪੈਣ ਤੇ ਲੋੜੀਂਦੇ ਰਿਕਾਰਡ ਦੀ ਤੁਰੰਤ ਉਪਲੱਬਤਾ ਹੋ ਸਕੇ।

**10. ਮੋਬਾਇਲ ਵੈਨ ਬਾਰੇ** - ਮੋਬਾਇਲ ਵੈਨ ਨੂੰ ਚਾਲੂ ਕਰਨ ਲਈ ਸੰਬੰਧਤ ਮੈਂਬਰਾਂ ਨੂੰ ਪਿਛਲੇ ਸਮੇਂ ਪ੍ਰਧਾਨ ਜੀ ਵਲੋਂ ਹਿਦਾਇਤਾਂ ਦਿੱਤੀਆਂ ਗਈਆਂ ਸਨ, ਪਰੰਤੂ ਹੁਣ ਤੱਕ ਮੋਬਾਇਲ ਵੈਨ ਦੇ ਕਾਗਜਾਤ, ਟੈਸਟਿੰਗ ਸਮਾਨ ਦੀ ਕੈਲੀਬ੍ਰੇਸ਼ਨ ਅਤੇ ਜ਼ਰੂਰੀ ਸਟਾਫ਼ ਦੀ ਭਰਤੀ ਬਾਰੇ ਕੋਈ ਯੋਗ ਕਾਰਵਾਈ ਨਹੀ ਹੋਈ। ਇਸ ਮੁੱਦੇ ਉੱਤੇ ਵਰਕਿੰਗ ਕਮੇਟੀ ਦੀ ਮੀਟਿੰਗ ਦੇ ਮੈਂਬਰਾਂ ਨੇ ਸੁਝਾਅ ਦਿੰਦੇ ਹੋਏ ਕਿਹਾ ਕਿ ਜੇਕਰ ਮੋਬਾਇਲ ਵੈਨ ਨੂੰ ਸਹੀ ਹਾਲਤ ਵਿੱਚ ਚਲਾਉਣ ਲਈ ਅਸਮਰਥਤਾ ਹੈ ਤਾਂ ਇਸ ਵੈਨ ਨੂੰ ਨਿਲਾਮੀ ਰਾਹੀਂ ਵੇਚ ਦਿੱਤਾ ਜਾਵੇ ਅਤੇ ਨਾਲ ਹੀ ਕੁੱਝ ਮੈਂਬਰਾਂ ਨੇ ਸੁਝਾਅ ਦਿੱਤਾ ਕਿ ਇਸ ਵੈਨ ਨੂੰ ਕਿਸੇ ਹੋਰ ਕੰਮਾਂ ਲਈ ਕਿਰਾਏ ਉੱਤੇ ਵੀ ਦਿੱਤਾ ਜਾ ਸਕਦਾ ਹੈ। ਇਸ ਮੁੱਦੇ ਤੇ ਅਮਲੀ ਰੂਪ ਸੰਬੰਧਤ ਮੈਂਬਰਾਂ ਦੇ ਉੱਪਰ ਅਗਲੇਰੀ ਕਾਰਵਾਈ ਸੰਵਿਧਾਨ ਮੁਤਾਬਕ ਛੱਡ ਦਿੱਤੀ ਗਈ ਹੈ, ਜੋ ਕਿ ਪ੍ਰਧਾਨ ਜੀ ਦੀ ਅਗਵਾਈ ਵਿਚ ਫੈਸਲਾ ਲੈਣਗੇ।

**11. ਮਨੀਸ਼ ਕੁਮਾਰ ਗਬਨ ਕੇਸ ਬਾਰੇ** - ਮਨੀਸ਼ ਕੁਮਾਰ ਗਬਨ ਕੇਸ ਜੋ ਕਿ ਕੁੱਲ ਰਾਸ਼ੀ 1,19,000/- ਰੁਪਏ ਦੀ ਸੀ, ਉਸ ਵਲੋਂ ਪੁਲਿਸ ਸਟੇਸ਼ਨ ਵਿਖੇ ਲਿਖਤੀ ਤੌਰ 'ਤੇ ਮੰਨਿਆ ਗਿਆ ਸੀ। ਪੋਸਟ ਡੇਟਡ ਚੈਕ ਫ਼ਾਉਡੇਸ਼ਨ ਨੂੰ ਦਿੱਤੇ ਸਨ, ਜਿਸ ਵਿੱਚੋਂ ਸਿਰਫ਼ ਤਿੰਨ ਚੈਕ 4000×3 = 12000/- ਰੁਪਏ ਦੇ ਹੀ ਕੈਸ਼ ਹੋਏ ਹਨ ਬਾਕੀ 4 ਚੈਕ ਹੁਣ ਤੱਕ ਬੈਂਕ ਤੋਂ ਬਿਨਾਂ ਕੈਸ਼ ਹੋਏ ਵਾਪਸ ਆਏ ਹਨ। ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਮਿਤੀ 27-09-2023 ਅਤੇ ਇਸ ਤੋਂ ਪਹਿਲਾਂ ਮਿਤੀ 13-08-2023 ਵਿੱਚ ਵਿਚਾਰ ਉਪਰੰਤ ਫ਼ੈਸਲਾ ਲਿਆ ਗਿਆ ਕਿ ਮਨੀਸ਼ ਕੁਮਾਰ ਵਲੋਂ ਹਾਂ ਪੱਖੀ ਹੁੰਗਾਰਾ ਨਾ ਹੋਣ ਕਰਕੇ ਅਤੇ ਉਸਦਾ ਰੂਪੋਸ਼ ਹੋਣਾ ਪਾਇਆ ਗਿਆ ਉਸਨੂੰ ਫ਼ਾਊਂਡੇਸ਼ਨ ਵਲੋਂ ਰਜਿਸਟਰਡ ਚਿੱਠੀ ਵੀ ਪਾਈ ਗਈ ਸੀ। ਮੈਂਬਰਾਂ ਵਲੋਂ ਫ਼ੈਸਲਾ ਕੀਤਾ ਗਿਆ ਕਿ ਉਸ ਵਿਰੁੱਧ ਐਫ਼.ਆਈ.ਆਰ. ਦਰਜ ਕੀਤੀ ਜਾਵੇ। ਸ੍ਰ: ਜਗਜੀਤ ਸਿੰਘ ਭਗਤਾਨਾ, ਸੀਨੀਅਰ ਵਾਇਸ ਪ੍ਰਧਾਨ ਦੀ ਅਗਵਾਈ ਵਿੱਚ ਮਿਤੀ 27-09-2023 ਨੂੰ ਮਨੀਸ਼ ਕੁਮਾਰ ਵਿਰੁੱਧ ਐਫ਼.ਆਰ.ਆਈ. ਦਰਜ ਕਰ ਦਿੱਤੀ ਗਈ ਹੈ।

**12. ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਸੰਬੰਧੀ** - ਭਾਈ ਲੱਖੀ ਸ਼ਾਹ ਬਲਾਕ ਜੋ ਕਿ ਦੋ ਮੰਜ਼ਿਲਾ ਹੈ ਅਤੇ ਕਾਫ਼ੀ ਪੁਰਾਣਾ ਹੋ ਗਿਆ ਹੈ ਅਤੇ ਤਕਰੀਬਨ ਨਾ ਵਰਤਣ ਯੋਗ ਹੈ, ਦੀ ਉਸਾਰੀ ਸੰਬੰਧੀ ਸਬ-ਕਮੇਟੀ ਦੀ ਮੀਟਿੰਗ 10-09-2023 ਨੂੰ ਹੋਈ ਸੀ ਜਿਸ ਵਿਚ ਸਾਰੇ ਟੈਕਨੀਕਲ ਮੁੱਦਿਆਂ ਤੇ ਵਿਚਾਰ ਅਤੇ ਚਰਚਾ ਉਪਰੰਤ ਡਾਕੂਮੈਂਟ ਸੰਪੂਰਨ ਕਰ ਲਏ ਗਏ ਹਨ। ਹੁਣ ਇਸ ਦੀ ਉਸਾਰੀ ਸੰਬੰਧੀ ਅਖ਼ਬਾਰ ਵਿੱਚ ਟੈਂਡਰ ਦਿੱਤਾ ਜਾ ਚੁੱਕਾ ਹੈ ਜੋ ਕਿ ਮਿਤੀ 16-10-2-23 ਭਵਨ ਵਿਖੇ ਖੋਲ੍ਹੇ ਜਾਣਗੇ। ਇਸ ਦੇ ਨਾਲ ਹੀ ਪੁਰਾਣੀ ਬਿਲਡਿੰਗ ਦੀ ਤੁੜਵਾਈ ਦਾ ਕਾਰਜ ਵੀ ਨਾਲੋਂ ਨਾਲ ਪਹਿਲਾਂ ਹੀ ਕੀਤਾ ਜਾਵੇਗਾ।

**13. ਗੁਰੂ ਲਾਧੋ ਰੇ ਦਿਵਸ** - ਮਿਤੀ 07-10-2023 ਨੂੰ ਗੁਰੂ ਲਾਧੋ ਰੇ ਦਿਵਸ ਹਰ ਸਾਲ ਦੀ ਤਰ੍ਹਾਂ ਬੜੀ ਸ਼ਰਧਾਪੂਰਵਕ ਫ਼ਾਊਂਡੇਸ਼ਨ ਦੇ ਗੁਰੂ ਘਰ ਵਿਖੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਕੀਰਤਨ ਅਤੇ ਵਿਚਾਰਾਂ ਕਰਕੇ ਮਨਾਇਆ ਜਾਵੇਗਾ।

# ਜੀਵਨ ਵਿਕਾਸ - ਇਕ ਸੰਘਰਸ਼

**ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)**

4. **ਗੌਰਮਿੰਟ ਕਾਲਜ, ਲੁਧਿਆਣਾ :** ਰੰਧੀਰ ਗੌਰਮਿੰਟ ਕਾਲਜ, ਕਪੂਰਥਲਾ ਵਿਖੇ ਪੜ੍ਹਾਉਂਦੇ ਨੂੰ ਲੱਗ ਭੱਗ ਅੱਠ ਸਾਲ ਪੂਰੇ ਹੋਣ ਵਾਲੇ ਸਨ। ਏਥੋਂ ਕਿਸੇ ਹੋਰ ਕਾਲਜ ਵਿੱਚ ਬਦਲ ਕੇ ਜਾਣ ਬਾਰੇ ਕਦੇ ਸੋਚਿਆ ਨਹੀਂ ਸੀ ਕਿ ਇਕ ਦਿਨ ਲੁਧਿਆਣੇ ਤੋਂ ਸ. ਰਾਮਦਿਆਲ ਸਿੰਘ ਜੀ ਦਾ ਪੈਗਾਮ ਆਇਆ ਕਿ ਜੇ ਮੈਨੂੰ ਠੀਕ ਲੱਗੇ ਤਾਂ ਉਹ ਮੇਰਾ ਤਬਾਦਲਾ ਗੌਰਮਿੰਟ ਕਾਲਜ ਲੁਧਿਆਣਾ ਵਿਖੇ ਕਰਵਾਉਣਾ ਚਾਹੁੰਦੇ ਹਨ ਜਿੱਥੇ ਉਨ੍ਹਾਂ ਦਾ ਵੱਡਾ ਬੇਟਾ ਦਲਜਿੰਦਰ ਸਿੰਘ (ਕਾਕਾ) ਐਫ.ਐਸ.ਸੀ. ਨਾਨ-ਮੈਡੀਕਲ ਵਿੱਚ ਦਾਖਲਾ ਲੈ ਰਿਹਾ ਸੀ। ਇਹ ਕਾਲਜ ਐਮ.ਏ. ਟੀਚਿੰਗ ਵਾਲਾ ਪੰਜਾਬ ਦਾ ਸਭ ਤੋਂ ਵੱਡਾ ਸਰਕਾਰੀ ਕਾਲਜ ਹੋਣ ਕਰਕੇ ਮੈਂ ਬਹੁਤ ਸੋਚੇ ਬਿਨਾਂ ਹਾਂ ਕਹਿ ਦਿੱਤੀ। ਸ. ਰਾਮਦਿਆਲ ਸਿੰਘ ਉਦੋਂ ਲੁਧਿਆਣੇ ਜ਼ਿਲ੍ਹੇ ਦੇ ਕਿਸੇ ਹਲਕੇ ਤੋਂ ਵਿਧਾਨ ਸਭਾ ਮੈਂਬਰ ਸਨ, ਜਿਸ ਕਰਕੇ ਮੇਰੀ ਬਦਲੀ ਦੇ ਆਰਡਰ ਜਲਦੀ ਹੋ ਗਏ ਅਤੇ ਮੇਰੇ ਵੱਲੋਂ 21.07.59 ਨੂੰ ਲੁਧਿਆਣਾ ਗੌਰਮਿੰਟ ਕਾਲਜ ਵਿਖੇ ਜੌਆਇਨ ਕਰ ਲਿਆ ਗਿਆ।

ਉਥੇ ਮੈਨੂੰ ਐਮ.ਏ. ਟੀਚਿੰਗ ਦੀਆਂ ਕਲਾਸਾਂ ਵੀ ਮਿਲ ਗਈਆਂ ਜੋ ਕਾਲਜ ਟੀਚਰ ਲਈ ਇਕ ਮਾਣ ਵਾਲੀ ਗੱਲ ਸੀ। ਨਿੱਜੀ ਤੌਰ 'ਤੇ ਮੰਨ ਹੀ ਮੰਨ ਵਿੱਚ ਇਸ ਗੱਲ ਦੀ ਵੀ ਖੁਸ਼ੀ ਸੀ ਕਿ ਐਮ.ਏ. ਕਰਨ ਵੇਲੇ ਮੈਂ ਏਸੇ ਕਾਲਜ ਦਾ ਵਿਦਿਆਰਥੀ ਵੀ ਰਿਹਾ ਹਾਂ। ਬੱਚਿਆਂ ਨੂੰ ਚੰਗੇ ਸਕੂਲਾਂ ਵਿੱਚ ਦਾਖਲਾ ਮਿਲ ਗਿਆ। ਰਹਿਣ ਲਈ ਪਹਿਲਾਂ ਇਕ ਦੋ ਮਕਾਨ ਬਦਲਣੇ ਪਏ ਪਰ ਬਾਅਦ ਵਿੱਚ ਇਕ ਕੋਠੀ ਮਿਲ ਗਈ। ਵੱਡੇ ਕਾਲਜ ਵਿੱਚ ਹੋਰ ਕਈ ਗੱਲਾਂ ਸਿੱਖਣ ਦਾ ਅਵਸਰ ਪ੍ਰਾਪਤ ਹੋਇਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਮੈਨੂੰ 1961 ਅਤੇ 1962 ਲਈ ਸਾਇੰਸ ਫੈਕਲਟੀ ਦਾ ਮੈਂਬਰ ਵੀ ਚੁਣ ਲਿਆ ਗਿਆ। ਇਸ ਯੂਨੀਵਰਸਿਟੀ ਵੱਲੋਂ ਹਰ ਸਾਲ ਇਮਤਿਹਾਨਾਂ ਵਿੱਚ ਸੁਪਰਡੈਂਟ ਵਜੋਂ ਡਿਊਟੀ ਲੱਗ ਜਾਂਦੀ ਸੀ। ਮੇਰੇ ਆਉਣ ਦਾ ਦਲਜਿੰਦਰ ਸਿੰਘ ਨੂੰ ਬਹੁਤਾ ਫਾਇਦਾ ਨਾ ਹੋ ਸਕਿਆ। ਉਹ ਇੰਜੀਨੀਅਰ ਤਾਂ ਨਾ ਬਣ ਸਕਿਆ ਪਰ ਲਾਅ ਦੀ ਡਿਗਰੀ ਕਰਕੇ ਉੱਘਾ ਐਡਵੋਕੇਟ ਜ਼ਰੂਰ ਬਣ ਗਿਆ।

ਲੁਧਿਆਣਾ ਵਿਖੇ ਇਨ੍ਹਾਂ ਚਾਰ ਸਾਲਾਂ ਦੇ ਸਮੇਂ ਦੌਰਾਨ ਕੁਝ ਬਹੁਤ ਅਜ਼ੀਜ਼ ਦੋਸਤ, ਮਿੱਤਰ ਅਤੇ ਪੁਰਾਣੇ ਵਿਦਿਆਰਥੀ ਮਿਲੇ ਜਿਨ੍ਹਾਂ ਨਾਲ ਹੋਰ ਜ਼ਿਆਦਾ ਮੇਲ ਮਿਲਾਪ ਕਰਕੇ ਤਾਂ ਉਮਰ ਭਰ ਨਿਭਣ ਵਾਲੇ ਰਿਸ਼ਤੇ ਜੋੜਨ ਅਤੇ ਹੋਰ ਪਰਪੱਕ ਕਰਨ ਦਾ ਅਵਸਰ ਵੀ ਪ੍ਰਾਪਤ ਹੋਇਆ।

ਸ. ਰਾਮਦਿਆਲ ਸਿੰਘ ਸਾਬਕਾ ਪੰਜਾਬ ਐਮ.ਐਲ.ਏ. ਅਤੇ ਐਮ.ਐਲ.ਸੀ. ਤਾਂ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਹੀ ਪਿਆਰ ਨਾਲ ਮੇਰੀ ਹਰ ਪ੍ਰਕਾਰ ਦੀ ਸਹਾਇਤਾ ਕਰ ਰਹੇ ਸਨ। ਏਥੇ ਵੀ ਉਨ੍ਹਾਂ ਦੇ ਸਹਾਰੇ ਬੜੇ ਚੰਗੇ ਦਿਨ ਗੁਜ਼ਾਰੇ ਅਤੇ ਪਰਿਵਾਰਿਕ ਸਬੰਧ ਬਣੇ।

ਕਾਲਜ ਸਟਾਫ ਵਿੱਚ ਸ. ਗੁਰਦੇਵ ਸਿੰਘ ਗੋਸਲ ਨਾਲ ਇਕ ਵਾਰੀ ਫਿਰ ਮੁਲਾਕਾਤ ਹੋਈ। ਸਿੱਖ ਨੈਸ਼ਨਲ ਕਾਲਜ ਲਾਹੌਰ ਵਿਖੇ ਮੇਰਾ ਤੇ ਗੋਸਲ ਦਾ ਪ੍ਰੋਫੈਸਰ ਰਾਂਝਾ ਜੀ ਵਾਲਾ ਇਕੋ ਟਟੋਰੀਅਲ ਗਰੁੱਪ ਸੀ। ਦੇਸ਼ ਦੀ ਵੰਡ ਤੋਂ ਬਾਅਦ ਐਮ.ਏ. ਦੀ ਪੜ੍ਹਾਈ ਕਰਨ ਵੇਲੇ ਅਸੀਂ ਦੋਵੇਂ ਕਾਲਜ ਦੇ ਰਾਮ ਬਾਗ ਹੋਸਟਲ ਵਿੱਚ ਇਕੱਠੇ ਰਹਿੰਦੇ ਸਾਂ। ਬਾਅਦ ਵਿੱਚ ਗੋਸਲ ਅਮਰੀਕਾਂ ਤੋਂ ਪੀ.ਐਚ.ਡੀ. ਕਰਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਭੂਗੋਲ ਵਿਭਾਗ ਦਾ ਮੁਖੀ ਬਣ ਗਿਆ ਸੀ।

ਇਕ ਹੋਰ ਸਟਾਫ ਮੈਂਬਰ ਪ੍ਰੋਫੈਸਰ ਸੁਖਦੇਵ ਸਿੰਘ ਬਾਜਵਾ (ਕਮਿਸਟਰੀ ਵਿਭਾਗ) ਰੰਧੀਰ ਕਾਲਜ ਕਪੂਰਥਲਾ ਵਿਖੇ ਵੀ ਮੇਰੇ ਨਾਲ ਹੁੰਦੇ ਸਨ। ਏਥੇ ਉਸ ਦੀ ਸ਼ਾਦੀ ਸਮੇਂ ਬਰਾਤ ਵਿੱਚ ਸ਼ਾਮਿਲ ਹੋਇਆ। ਬਾਜਵਾ ਵੀ ਇਕ ਨੇਕ ਅਤੇ ਹਰਦਿਲ ਅਜ਼ੀਜ਼ ਇਨਸਾਨ ਸੀ।

ਰੰਧੀਰ ਕਾਲਜ ਕਪੂਰਥਲਾ ਦਾ ਇਕ ਪੁਰਾਣਾ ਵਿਦਿਆਰਥੀ ਹਰਭਜਨ ਸਿੰਘ ਨੱਡਾ ਵੀ ਏਥੇ ਮਿਲਿਆ ਜੋ ਲੁਧਿਆਣੇ ਦੇ ਪੰਜਾਬ ਐਂਡ ਸਿੰਧ ਬੈਂਕ ਵਿੱਚ ਅਧਿਕਾਰੀ ਸੀ। ਬਾਅਦ ਵਿੱਚ ਉਹ ਤਰੱਕੀ ਕਰਕੇ ਦਿੱਲੀ ਵਿਖੇ ਇਸ ਬੈਂਕ ਦੇ ਡਿਪਟੀ ਜਨਰਲ ਮੈਨੇਜਰ ਬਣ ਗਏ ਸਨ। ਉਸ ਦੇ ਦੋ ਕੁੜਮ ਸਬੰਧੀ ਪੰਜਾਬ ਦੇ ਮੰਤਰੀ ਸਨ। ਜੀਵਨ ਵਿੱਚ ਇਸ ਇਨਸਾਨ ਵੱਲੋਂ ਮੈਨੂੰ ਬੜਾ ਪਿਆਰ ਅਤੇ ਸਤਿਕਾਰ ਮਿਲਿਆ।

ਇਕ ਵਿਦਿਆਰਥੀ ਜੇ.ਐਸ. ਧਾਲੀਵਾਲ ਕਪੂਥਲੇ ਤੋਂ ਹੀ ਮੇਰੇ ਨਾਲ ਆ ਕੇ ਇਸ ਕਾਲਜ ਵਿੱਚ ਦਾਖਲ ਹੋ ਗਿਆ। ਬੜਾ ਪਿਆਰਾ ਬੱਚਾ ਸੀ। ਸਵ. ਵਿਦਿਆਰਥੀ ਬਲਦੇਵ ਸਿੰਘ ਧਾਲੀਵਾਲ ਦਾ ਛੋਟਾ ਭਰਾ ਸੀ ਜੋ ਬਾਅਦ ਵਿੱਚ ਨੇਵੀ ਵਿੱਚ ਕਮਿਸ਼ਨ ਲੈ ਗਿਆ ਅਤੇ ਵਾਈਕਰਾਂਤ ਸ਼ਿਪ ਤੋਂ ਬਤੌਰ ਕੈਪਟਨ ਰਿਟਾਇਰ ਹੋਏ ਸਨ। ਧਾਲੀਵਾਲ ਦੀ ਸ਼ਾਦੀ ਸਾਬਕਾ ਸਿੱਖਿਆ ਮੰਤਰੀ ਸ. ਸੁਖਜਿੰਦਰ ਸਿੰਘ ਦੀ ਬੇਟੀ ਨਾਲ ਹੋਈ ਸੀ। ਬਾਰਾਤ ਵਿੱਚ ਮੈਂ ਵੀ ਸ਼ਾਮਿਲ ਸੀ। ਜੀਵਨ ਵਿੱਚ ਮੈਂ ਤਾਂ ਮੁੱਢ ਤੋਂ ਹੀ ਸਾਇੰਸ ਨਾ ਪੜ੍ਹਨ ਕਾਰਨ ਇੰਨਜੀਨੀਅਰ ਨਾ ਬਣ ਸਕਿਆ ਪਰ ਮੇਰੀ ਦਿਲੀ ਤਮੰਨਾ ਸੀ ਕਿ ਮੇਰਾ ਇਕ ਬੱਚਾ ਮੇਰੀ ਇਹ ਖਾਹਿਸ਼ ਪੂਰੀ ਕਰੇ। ਚੁਨਾਂਚਿਹ 'ਲਲੂ ਕਰੇ ਕਵੱਲੀਆਂ ਰਬ ਸਿੱਧੀਆਂ ਪਾਵੇ' ਕਹਾਵਤ ਅਨੁਸਾਰ ਮੇਰੀ ਖਾਹਿਸ਼ ਪੂਰੀ ਹੋਣ ਦੇ ਸਬੱਬ ਬਣਦੇ ਵਿਖਾਈ ਦੇਣ ਲੱਗੇ। ਸਾਲ 1963 ਚੜ੍ਹਦਿਆਂ ਹੀ ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ ਵਿਖੇ ਗਣਿਤ ਲੈਕਚਰਾਰ ਦੀ ਇਕ ਆਸਾਮੀ ਲਈ ਪੰਜਾਬ ਸੇਵਾ ਕਮਿਸ਼ਨ ਪਟਿਆਲਾ ਨੇ ਅਰਜ਼ੀਆਂ ਮੰਗੀਆਂ। ਬਹੁਤਾ ਕੁਝ ਸੋਚਣ ਤੋਂ ਬਿਨਾਂ ਹੀ ਪੰਜਾਬ ਦੇ ਸੈਕਟਰੀ ਸਿੱਖਿਆ ਵਿਭਾਗ ਰਾਹੀਂ ਮੈਂ ਵੀ ਅਰਜ਼ੀ ਦੇ ਦਿੱਤੀ। ਛੇਤੀ ਹੀ ਇੰਟਰਵਿਊ ਹੋ ਗਈ ਅਤੇ ਗੁਰੂ ਮਹਾਰਾਜ ਦੀ ਆਪਾਰ ਕਿਰਪਾ ਸਦਕਾ ਉਸ ਇਕ ਆਸਾਮੀ ਲਈ ਮੇਰੀ ਸਿਲੈਕਸ਼ਨ ਹੋ ਗਈ। ਪਰਿਵਾਰ ਵਿੱਚ ਅਜੇ ਸਭ ਤੋਂ ਛੋਟੀ ਬੇਟੀ ਰਵਿੰਦਰ ਕੌਰ ਦੇ 19 ਜਨਵਰੀ ਨੂੰ ਹੋਏ ਜਨਮ ਦੀਆਂ ਖੁਸ਼ੀਆਂ ਮਨਾ ਰਹੇ ਸਾਂ। ਮੇਰੀ ਇਸ ਸਿਲੈਕਸ਼ਨ ਨਾਲ ਖੁਸ਼ੀਆਂ ਵਿੱਚ ਹੋਰ ਵਾਧਾ ਹੋ ਗਿਆ। ਮੈਨੂੰ ਪੰਜਾਬ ਇੰਜੀਨੀਅਰਿੰਗ ਕਾਲਜ ਮਿਲ ਗਿਆ ਅਤੇ ਬੱਚੇ ਖੁਸ਼ ਸਨ ਕਿ ਪੰਜਾਬ ਦੀ ਰਾਜਧਾਨੀ ਖੂਬਸੂਰਤ ਸ਼ਹਿਰ ਚੰਡੀਗੜ੍ਹ ਰਹਿਣ ਨੂੰ ਮਿਲ ਗਿਆ। ਪੰਜਾਬ ਸਰਕਾਰ ਦੇ ਹੁਕਮ ਅਨੁਸਾਰ ਮੈਨੂੰ 17.05.63 ਨੂੰ ਗੌਰਮਿੰਟ ਕਾਲਜ ਲੁਧਿਆਣਾ ਤੋਂ ਫਾਰਗ ਕਰ ਦਿੱਤਾ ਗਿਆ ਅਤੇ ਮੇਰੇ ਵੱਲੋਂ ਅਗਲੇ ਦਿਨ ਹੀ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਵਿਖੇ ਜੌਆਇਨਿੰਗ ਰਿਪੋਰਟ ਦੇ ਦਿੱਤੀ ਗਈ। ਇਹ ਨਿਯੁਕਤੀ ਡੈਪੂਟੇਸ਼ਨ ਤੇ ਸੀ ਅਤੇ ਮੇਰਾ ਲੀਯਨ ਪੰਜਾਬ ਸਿੱਖਿਆ ਵਿਭਾਗ ਵਿੱਚ ਕਾਇਮ ਰਹਿ ਗਿਆ। **(ਚਲਦਾ)**

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਭਗਵਾਨ ਸਿੰਘ ਲੁਬਾਣਾ**



ਬਿੱਟੂ ਲਹਿਰੀ

### ਸ਼ੇਅਰ

1. ਪਿਆਰ ਤੁਹਾਡਾ ਭੁੱਲ ਨਹੀਂ ਸਕਦਾ, ਲਾਗੇ ਪਿੰਡ ਹੈ ਰਿਸ਼ਤੇਦਾਰੀ।
2. ਨਿਭਾਉਂਦਾ ਟਾਵਾਂ-ਟਾਵਾਂ ਜੱਗ ਤੇ, ਹੁੰਦੀ ਮਿੱਤਰਾਂ ਨਾਲ ਸਰਦਾਰੀ।
3. ਰਲ ਇੱਕੋ ਪੱਤਣ ਬੇੜੀ ਠੇਲਦੇ, ਨਹੀਂ ਨੌਕਰੀ ਕੋਈ ਸਰਕਾਰੀ।
4. 'ਲਹਿਰੀ' ਮਿੱਤਰ ਮੱਲ੍ਹਾ ਮੇਰਾ, ਉਸ ਦੇ ਘਰ ਨੂੰ ਕਰੀ ਤਿਆਰੀ।

**ਵਿਸਥਾਰ** - ਜੱਲ੍ਹਾ ਪਿੰਡ ਵਾਲਿਆਂ ਨੂੰ ਦੱਸ ਕੇ ਮੱਲ੍ਹੇ ਦੇ ਪਿੰਡ ਨੂੰ ਰਵਾਨਾ ਹੋ ਗਿਆ। ਛੱਲਾ ਕਦੇ ਮਾਂ ਦੀ ਢਾਕ ਤੇ ਕਦੇ ਪਿਉ ਦੇ ਮੋਢਿਆਂ ਤੇ ਚੜ੍ਹ ਬਹਿੰਦਾ। ਕੱਚਿਆਂ ਰਾਹਾਂ ਦੇ ਪਾਂਧੀ ਆਪਦੀ ਮਸਤ ਚਾਲ ਵਿੱਚ ਚਲਦੇ-ਚਲਦੇ ਮੱਲ੍ਹੇ ਦੇ ਘਰ ਪਹੁੰਚ ਗਏ। ਮੱਲ੍ਹੇ ਨੇ ਭੱਜ ਕੇ ਛੱਲੇ ਨੂੰ ਚੁੱਕ ਲਿਆ ਤੇ ਕਹਿਣ ਲੱਗਿਆ।

### ਸ਼ੇਅਰ

1. ਚਰਾਗ਼ ਜੱਲ੍ਹੇ ਦਾ ਪੁੱਤਰ ਛੱਲਾ, ਰੱਜ ਲੰਬੀ ਉਮਰ ਹੰਡਾਵੇ।
2. ਅੱਲ੍ਹਾ, ਮੌਲਾ, ਰਹਿਮਤ ਰੱਖੇ, ਨਾ ਕੋਈ ਦੁੱਖ ਦੋਖੜਾ ਆਵੇ।
3. ਕਬੂਲ ਕਰੇ ਰੱਬ ਫੱਤਵਾ ਮੇਰਾ, ਇਹ ਸ਼ੈਨਸ਼ਾਹ ਬਣ ਜਾਵੇ।
4. ਦਰਦਮੰਦ ਹੋ ਦੁਖੀਆਂ ਦਾ ਇਹ, ਇਹ ਸਭ ਦਾ ਦੁੱਖ ਵੰਡਾਵੇ।
5. ਡੰਗੋਰੀ ਪੁੱਤਰ ਵਿੱਚ ਬੁਢਾਪੇ, ਤੇ ਇਹ ਸਰਵਨ ਪੁੱਤ ਕਹਾਵੇ।
6. ਜਿਸ ਬਾਗ਼ ਦਾ ਗੁਲਸ਼ਨ ਛੱਲਾ, 'ਲਹਿਰੀ' ਕਦੇ ਵੀ ਨਾ ਮੁਰਝਾਵੇ।

**ਵਿਸਥਾਰ** - ਮੱਲ੍ਹੇ ਦੇ ਹੱਥਾਂ ਵਿੱਚ ਹੱਸਦੇ ਹੋਏ ਛੱਲੇ ਨੂੰ ਮੱਲ੍ਹੇ ਦੀ ਘਰਵਾਲੀ ਨੇ ਚੱਕ ਲਿਆ। ਹੱਸਦੇ ਹੋਏ ਛੱਲੇ ਨੂੰ ਵੇਖ ਕੇ ਮੱਲ੍ਹੇ ਦੀ ਘਰਵਾਲੀ ਕੀ ਆਖਦੀ ਸੀ।

### ਸ਼ੇਅਰ

1. ਜੋ ਹੋਰ ਦੀ ਗੋਦੀ ਹੱਸਦੇ ਬੱਚੇ, ਹੁੰਦੇ ਉੱਚਾ ਉਹ ਸਿਰਨਾਵਾਂ।
2. ਭਲੇ ਕਮਾਵਣ ਸਾਰੀ ਜ਼ਿੰਦਗੀ, ਉਹ ਕਰਨ ਇਬਾਦਤ ਮਾਵਾਂ।
3. ਛੱਲਾ ਦਰਬ ਹੈ ਅੱਲ੍ਹਾ ਪਾਕ ਦੀ, ਉਸ ਤੋਂ ਟਲੀਆ ਰਹਿਣ ਬਲਾਵਾਂ।
4. ਆਜਾ ਢਾਕ ਤੋਂ ਥੱਲੇ ਛੱਲਿਆ, ਤੇਰੇ ਮੂੰਹ ਵਿੱਚ ਚੂਰੀ ਪਾਵਾਂ।

**ਵਿਸਥਾਰ** - ਮੱਲ੍ਹੇ ਦੇ ਘਰ ਬੇਸ਼ੁਮਾਰ ਰੌਣਕਾਂ ਲੱਗੀਆਂ ਹੋਈਆਂ ਸਨ। ਮੱਲ੍ਹੇ ਦਾ ਸਾਰਾ ਪਰਿਵਾਰ ਛੱਲੇ ਨੂੰ ਖਿਡਾਉਂਦਾ ਨਾ ਰੱਜਦਾ। ਦੇਰ ਰਾਤ ਤੱਕ ਗੁਰੂਆਂ-ਪੀਰਾਂ ਦੀਆਂ ਕਥਾ-ਕਹਾਣੀਆਂ ਚੱਲਦੀਆਂ ਰਹਿੰਦੀਆਂ। ਦਿਨ ਚੜ੍ਹਦਾ ਫਿਰ ਉਹੋ ਅੰਨ ਪਾਣੀ ਦੀ ਕਾਰ ਸ਼ੁਰੂ ਹੋ ਜਾਂਦੀ। ਇਕ ਰਾਤ ਜੱਲ੍ਹੇ ਤੇ ਮੱਲ੍ਹੇ ਦੀ ਸੁਆਣੀ ਆਪਸ ਵਿੱਚ ਕੀ-ਕੀ ਸੁਆਲ-ਜੁਆਬ ਕਰਦੀਆਂ ਸਨ।

### ਸ਼ੇਅਰ

**ਮੱਲ੍ਹੇ ਦੀ ਘਰਵਾਲੀ - ਗੱਲ ਸੁਣ ਨੀ ਭੈਣੇ ਮੇਰੀਏ, ਤੇਰੇ ਪੇਕੇ ਬੜੀ ਨੇ ਦੂਰ।**
**ਕਿਹੜੇ ਪਿੰਡ ਦੀ ਜੰਮੀ ਜਾਈ ਏ, ਮੈਨੂੰ ਦੱਸ ਦੇ ਤੂੰ ਜ਼ਰੂਰ।**

| | | |
|---|---|---|
| ਜੱਲ੍ਹੇ ਦੀ ਘਰਵਾਲੀ | - | ਮੇਰੇ ਪੇਕੇ ਲਹਿੰਦੇ ਵੱਲ ਨੇ, ਜਿੱਥੇ ਬੁੱਲ੍ਹੇ ਸ਼ਾਹ ਜੀ ਨੇ ਮਸ਼ਹੂਰ। |
| | | ਇਹ ਸਭ ਪੱਤਣੋ ਪਾਰ ਸੁਣੀਂਦੇ, ਜਿਸਦਾ ਨਾਂ ਹੈ ਸ਼ਹਿਰ ਕਸੂਰ। |
| ਮੱਲ੍ਹੇ ਦੀ ਘਰਵਾਲੀ | - | ਜਾ ਵਿਆਹ ਵਿੱਚ ਦੇਰੀ ਹੋ ਗਈ, ਜਾ ਕੋਈ ਉਥੋਂ ਦਾ ਦਸਤੂਰ। |
| | | ਪਿਛਲੀ ਉਮਰੇ ਪੁੱਤਰ ਚੁੱਕਿਆ, ਕਿਹੜੀ ਗੱਲ ਤੋਂ ਹੋ ਮਜਬੂਰ। |
| ਜੱਲ੍ਹੇ ਦੀ ਘਰਵਾਲੀ | - | ਅਸੀਂ ਪ੍ਰਨੀਜੇ ਉਮਰੇ ਚੜ੍ਹਦੀ, ਤੇ ਸੀ ਝੜ-ਝੜ ਪੈਂਦਾ ਨੂਰ। |
| | | ਹੁੰਦੀ ਮੌਜ ਹੈ ਅੱਲ੍ਹਾ ਪਾਕ ਦੀ, ਜਿਸ ਥਾਂ ਰੱਖੇ ਸੋ ਮਨਜ਼ੂਰ। |
| ਮੱਲ੍ਹੇ ਦੀ ਘਰਵਾਲੀ | - | ਰੰਗ ਸੋਨ ਸੁਨਹਿਰੀ ਛੱਲੇ ਦਾ, ਜਦ ਵੀ ਤੱਕੀਏ ਚੜ੍ਹੇ ਸਰੂਰ। |
| | | ਇਹਦਾ ਮੱਥਾ ਲਾਲ ਗੁਲਾਲ ਹੈ, ਜਿਵੇਂ ਸੂਰਜ ਤਪੇ ਤੰਦੂਰ। |
| ਜੱਲ੍ਹੇ ਦੀ ਘਰਵਾਲੀ | - | ਆ ਖੁਦ ਦਿੱਤਾ ਛੱਲਾ ਸਾਈਆਂ, ਸੁੱਕੇ ਰੁੱਖ ਨੂੰ ਪੈ ਗਿਆ ਬੂਰ। |
| | | ਕੋਹਿਨੂਰ ਹੀਰੇ ਤੋਂ ਵੱਧ ਕੇ, 'ਲਹਿਰੀ' ਕੀਤਾ ਨਹੀਂ ਗਰੂਰ। |

**ਵਿਸਥਾਰ** - ਜੱਲ੍ਹਾ, ਮੱਲ੍ਹੇ ਦੇ ਘਰ ਕੁੱਲ ਦਸ ਦਿਨ ਠਹਿਰਿਆ, ਗਿਆਰਵੇਂ ਦਿਨ ਜੱਲ੍ਹਾ ਆਉਣ ਲੱਗਿਆ ਤਾਂ ਮੱਲ੍ਹੇ ਨੇ ਛੱਲੇ ਨੂੰ ਚਾਂਦੀ ਦੇ ਦੋ ਸਿੱਕੇ ਦਿੱਤੇ। ਜੱਲ੍ਹੇ ਨੇ ਦੋ ਦੇ ਚਾਰ ਸਿੱਕੇ ਕਰਕੇ ਮੱਲ੍ਹੇ ਦੇ ਬੱਚਿਆਂ ਨੂੰ ਦੇ ਦਿੱਤੇ। ਸਿੱਕਿਆਂ ਨੂੰ ਲੈ ਕੇ ਜੱਲ੍ਹੇ ਤੇ ਮੱਲ੍ਹੇ ਦੇ ਕੀ–ਕੀ ਸੁਆਲ–ਜੁਆਬ ਸਨ।

**ਸ਼ੇਅਰ**

ਮੱਲ੍ਹਾ - ਇਹ ਥੋੜ੍ਹੇ ਕਰ ਦੇ ਜੱਲ੍ਹਿਆ, ਅੱਖੀਂ ਤੱਕੇ ਚਾਰ ਮੈਂ ਡਿੱਠੇ।
ਗੱਲ ਸੁਣ ਉ ਯਾਰਾ ਮੇਰਿਆ, ਇਹ ਤੂੰ ਕਹੈ ਫੈਸਲੇ ਦਿੱਤੇ।
ਜੱਲ੍ਹਾ - ਹੁਣ ਬੋਲ ਨਾ ਯਾਰਾਂ ਮੇਰਿਆ, ਜੋ ਹਨ ਦਿੱਤੇ ਬਾਲਾਂ ਨੂੰ ਸਿੱਕੇ।
ਇਹ ਹੱਕ ਬਾਲਾਂ ਦਾ ਬਣਦਾ ਏ, ਜੋ ਹਨ ਬੱਚੇ ਹੁੰਦੇ ਨਿੱਕੇ।

**ਵਿਸਥਾਰ** - ਮੱਲ੍ਹੇ ਦਾ ਸਾਰਾ ਪਰਿਵਾਰ ਜੱਲ੍ਹੇ ਨੂੰ ਵਿੱਦਿਆ ਕਰਨ ਲਈ ਪਿੰਡ ਦੇ ਬਾਹਰ ਤੱਕ ਆ ਗਏ। ਜੱਲ੍ਹੇ ਨੇ ਕਿਹਾ ਹੁਣ ਤੁਸੀਂ ਸਾਡੇ ਕੋਲ ਮਿਲਣ ਲਈ ਛੇਤੀ–ਛੇਤੀ ਆ ਜਾਇਆ ਜੇ। ਸਾਰੇ ਆਪਸ ਵਿੱਚ ਮਿਲ ਕੇ ਕਹਿੰਦੇ ਅੱਲ੍ਹਾ, ਮੌਲਾ, ਖ਼ੈਰ ਕਰੇ ਰੱਬ ਰਾਖਾ ਜਾਂਦੇ ਹੋਏ ਜੱਲ੍ਹੇ ਦੀ ਕੰਡ ਵੇਖ ਕੇ ਮੱਲ੍ਹੇ ਨੇ ਆਖਿਆ।

**ਸ਼ੇਅਰ**

1. ਲੈ ਚੱਲਿਉ ਨਾਲੇ ਰੌਣਕਾਂ, ਡਾਢੇ, ਡਾਢੀ ਮੌਜ ਬਣਾਈ ਸੀ।
2. ਦਸ ਦਿਨ ਕਦ ਨੇ ਗੁਜਰ ਗਏ, ਮੈਨੂੰ ਲੱਗੀ ਸਮਝ ਨਾ ਕਾਈ ਸੀ।
3. ਹਾਂ ਭਾਵੇਂ ਪੱਤਣ ਤੇ ਨਿੱਤ ਮਿਲਦੇ, ਥੋੜ੍ਹੇ ਚਿਰ ਦੀ ਬੁਰੀ ਜੁਦਾਈ।
4. ਇਹ ਵੀ ਸੱਚ ਏ 'ਲਹਿਰੀਆ', ਹਰ ਕੋਈ ਜਾਂਦਾ ਘਰਾਂ ਨੂੰ ਭਾਈ।

**ਵਿਸਥਾਰ** - ਜਦੋਂ ਛੱਲੇ ਦੀ ਉਮਰ ਚਾਰ ਸਾਲ ਹੋਈ ਤਾਂ ਅਸਮਾਨਾਂ ਤੇ ਪਰੀਆਂ ਇਕੱਠੀਆਂ ਹੋਈਆਂ ਤੇ ਕਹਿੰਦੀਆ, "ਇੱਕ ਆਪਣੇ ਕੋਲ ਅਸਮਾਨਾਂ ਤੇ ਚੰਨ ਹੈ ਜੋ ਰਾਤ ਨੂੰ ਚਾਨਣ ਦੀ ਫੁਲਕਾਰੀ ਦੁਨੀਆਂ ਤੇ ਪਾਉਂਦਾ ਹੈ ਤੇ ਇੱਕ ਚੰਨ ਧਰਤੀ ਤੇ ਹੈ ਜੋ ਰਾਤ ਨੂੰ ਚਾਨਣ ਬਿਖੇਰਦਾ ਹੈ। ਚਲੋਂ ਭੈਣੋਂ, ਧਰਤੀ ਤੇ ਛੱਲੇ ਚੰਨ ਦੇ ਵੀ ਦਰਸ਼ਨ ਕਰ ਕੇ ਆਈਏ।"

(ਚਲਦਾ)

# ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ' ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਕਰਨਲ ਅਤੇ ਉੱਪਰ ਦੇ ਰੈਂਕ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸਹਿ ਸੰਪਾਦਕ**

# ਪੰਜਾਬੀ ਦੇ ਲਹਿਜੇ

ਡਾ. ਨਿਰਮਲ ਸਿੰਘ

ਕਾਦਰ ਦੀ ਕੁਦਰਤ ਦਾ ਮੁੱਢ ਕਦੀਮ ਤੋਂ ਈ ਇਹ ਦਸਤੂਰ ਹੈ ਕਿ ਵੰਨ-ਸੁਵੰਨਤਾਈਆਂ ਦੇ ਸੁਮੇਲ ਰਾਹੀਂ ਹੀ ਵਿਕਾਸ ਸੰਭਵ ਹੈ। ਇਹ ਦਸਤੂਰ ਸਗਲ ਜਗਤ ਦੇ ਸਮੂਹ ਪਸਾਰਾਂ ਦੀਆਂ ਸਮੁੱਚੀਆਂ ਗਤੀਵਿਧੀਆਂ ਤੇ ਲਾਗੂ ਹੁੰਦਾ ਹੈ। ਏਕਤਾ ਦਾ ਜਨਮ ਅਨੇਕਤਾਵਾਂ ਦੇ ਏਕੇ ਵਿਚੋਂ ਹੀ ਹੋ ਸਕਦਾ ਹੈ। ਖੇਤਰ ਭਾਵੇਂ ਗਿਆਨ ਦਾ ਹੋਵੇ ਜਾਂ ਵਿਗਿਆਨ ਦਾ ਓਸ ਦਾ ਅਧਾਰ ਵਿਭਿੰਨਤਾਵਾਂ ਦੀ ਏਕਤਾ ਹੀ ਹੁੰਦਾ ਹੈ। ਕਿੰਨੇ ਹੀ ਕਿਸਮਾਂ ਦੇ ਰੰਗਬਰੰਗੇ ਮਹਿਕਦੇ ਟਹਿਕਦੇ ਫੁੱਲਾਂ ਨੂੰ ਜਦੋਂ ਗੁਲਦਸਤੇ ਦੇ ਰੂਪ ਵਿਚ ਬੰਨ੍ਹਿਆਂ ਜਾਂਦਾ ਹੈ, ਉਹਦੀ ਸੁੰਦਰਤਾ ਵਿਚ ਅਸੀਮ ਵਾਧਾ ਹੋ ਜਾਂਦਾ ਹੈ। ਇਕੱਲੇ ਕਾਰੇ ਫੁੱਲ ਨਾਲੋਂ ਗੁਲਦਸਤਾ ਕਈ ਗੁਣਾਂ ਸੋਹਣਾ ਤੇ ਮਨਮੋਹਣਾ ਬਣ ਜਾਂਦਾ ਹੈ।

ਆਪਣੇ ਵਿਚਾਰਾਂ ਨੂੰ ਮੁੱਦੇ ਤੇ ਕੇਂਦਰਿਤ ਕਰਦੇ ਹੋਏ ਅਸੀਂ ਅੱਜ ਗੱਲ ਆਪਣੀ ਪੁਸ਼ਤੈਨੀ ਜੂਹ ਪੰਜ ਪਾਣੀਆਂ ਦੀ ਧਰਤੀ ਦੇ ਬਸ਼ਿੰਦਿਆਂ ਦੀ ਭਾਸ਼ਾ ਅਰਥਾਤ ਜਬਾਨ ਦੀ ਖੂਬਸੂਰਤੀ ਦੀ ਕਰਨੀ ਹੈ। ਕਹਿੰਦੇ ਨੇ ਕਿ ਬੋਲੀ ਤਾਂ ਕੁਝ ਕੋਹਾਂ ਦੇ ਪੈਂਡੇ ਤੋਂ ਬਾਅਦ ਈ ਕੁਝ ਨਾ ਕੁਝ ਬਦਲ ਜਾਂਦੀ ਹੈ। ਪੰਜਾਬ ਦਾ ਖਿੱਤਾ ਤਾਂ ਸੁੱਖ ਨਾਲ ਚਾਰ ਪੰਜ ਸੌ ਕਿਲੋਮੀਟਰ ਪੱਛਮ ਤੋਂ ਪੂਰਬ ਅਤੇ ਏਨਾ ਕੁ ਹੀ ਉੱਤਰ ਤੋਂ ਦੱਖਣ ਵੱਲੋਂ ਫੈਲਿਆ ਹੋਇਆ ਹੈ। ਐਨੇ ਵੱਡੇ ਖੇਤਰ ਦੀ ਬੋਲੀ ਪੰਜਾਬੀ ਤਾਂ ਮੂਲ ਰੂਪ ਵਿਚ ਭਾਸ਼ਾ ਵਿਗਿਆਨੀਆਂ ਤੇ ਯੂਨੈਸਕੋ ਵੱਲੋਂ ਵੀ ਪ੍ਰਵਾਨਤ ਹੈ। ਉਂਞ ਇਹਦੀਆਂ ਉਪ ਬੋਲੀਆਂ ਤੇ ਲਹਿਜਿਆਂ ਬਾਬਤ ਸੰਜੀਦਾ ਖੋਜਕਾਰੀ ਕਦੀ ਵੀ ਬੱਝਵੇਂ ਰੂਪ ਵਿਚ ਨਹੀਂ ਹੋਈ। ਉਤਰ ਪੱਛਮ ਵਿਚ ਦਰਿਆ ਸਿੰਧ ਦੇ ਉਰਾਰ ਪਾਰ ਪਠਾਣਾਂ ਦੀ ਬੋਲੀ ਪਸ਼ਤੋ ਨਾਲ ਸਾਂਝ ਪਾਉਂਦੀ ਹਿੰਦਕੋ ਹਕੀਕਤ ਵਿਚ ਪੰਜਾਬੀ ਦੀ ਹੀ ਉਪਬੋਲੀ ਹੈ। ਇਸ ਦੇ ਨਾਲ ਲਗਦੀਆਂ ਦਰਿਆ ਜੇਹਲਮ ਤੋਂ ਉਪਰ, ਕੋਹਮਰੀ ਦੇ ਪਹਾੜਾਂ ਤੇ ਮੁਜਫਰਾਬਾਦ ਦੇ ਪਹਾੜੀ ਖੇਤਰ ਦੀ ਉਪਬੋਲੀ ਮੀਰਪੁਰੀ ਅਖਾਉਂਦੀ ਹੈ। ਹੇਠਾਂ ਨੀਮ ਪਹਾੜੀ ਪਠਾਰੀ ਜੂਹ ਵਿਚ ਰਾਵਲਪਿੰਡੀ, ਚਕਵਾਲ, ਇਸਲਾਮਾਬਾਦ ਵਾਲੇ ਸੁਆ ਨਦੀ ਦੇ ਆਲੇ-ਦੁਆਲੇ ਮਿੱਘੀ-ਤੁੱਘੀ ਵਾਲੀ ਪੋਠੋਹਾਰੀ ਦਾ ਵਿਸ਼ਾਲ ਖਿੱਤਾ ਹੈ। ਦੋਆਬਾ ਸਿੰਧ ਸਾਗਰ ਦੇ ਹੇਠਲੇ ਹਿੱਸੇ ਵਿਚ ਸ਼ਾਹਪੁਰੀ, ਥਲੀ ਲਹਿਜੇ ਹਨ। ਜੇਹਲਮ ਦਰਿਆ ਲੰਘ ਸੋਹਣੀ ਦੇ ਸ਼ਹਿਰ ਗੁਜਰਾਤ ਅਤੇ ਦਰਿਆ ਝਨ੍ਹਾਂ ਵਿਚਕਾਰ ਝੱਜ ਦੋਆਬ ਆ ਜਾਂਦਾ ਹੈ। ਇਹਦੇ ਉਪਰਲੇ ਪਹਾੜੀ ਖੇਤਰ ਵਿਚ ਪਣਛੀ ਲਹਿਜਾ ਪ੍ਰਧਾਨ ਤੇ ਥਲੜੇ ਹਿੱਸੇ 'ਚ ਸਰਗੋਧੀ ਉਪ ਬੋਲੀ ਹੈ। ਝਨ੍ਹਾਂ ਪਾਰ ਕਰਦਿਆ ਪੂਰਬ ਵੱਲ ਰਾਵੀ ਦਰਿਆਂ ਦੀਆਂ ਠਾਠਾਂ ਤੀਕਰ ਜੰਮੂ ਦੇ ਇਰਦ-ਗਿਰਦ ਡੋਗਰੀ ਦੇ ਝੰਡੇ ਝੂਲਦੇ ਹਨ, ਅਤੇ ਉੱਚੇ ਪਹਾੜਾਂ ਵਿਚ ਗੋਜਰੀ ਦਾ ਕੇਂਦਰ ਡੋਡਾ ਹੈ। ਹੇਠਾਂ ਪਿੰਡੀ ਭੱਟੀਆਂ, ਸ਼ੇਖੂਪੁਰਾ, ਨਨਕਾਣਾ ਸਾਹਿਬ, ਫੈਸਲਾਬਾਦ ਤੋਂ ਟੋਭਾ ਟੇਕ ਸਿੰਘ ਵਾਲੇ ਵਸੀਹ ਖਿੱਤੇ ਦੀ ਬੋਲੀ ਲਹਿੰਦੀ ਦੀ ਪੁੱਠ ਵਾਲੀ ਝਾਂਗੀ ਤੇ ਜਾਂਗਲੀ ਹੈ। ਅੱਗੋਂ ਰਾਵੀ ਲੰਘ ਬਿਆਸ ਤੋੜੀ ਪੰਜਾਬ ਦਾ ਕੇਂਦਰੀ ਬਾਰੀ ਦੋਆਬ ਅਰਥਾਤ ਮਾਝੇ ਦਾ ਖੇਤਰ ਹੈ। ਲਾਹੌਰ ਕਸੂਰ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਗੁਜਰਾਂਵਾਲਾ ਟਕਸਾਲੀ ਬੋਲੀ ਮਾਝੀ ਦੇ ਸਿਰਮੌਰ ਖਿੱਤੇ ਹਨ। ਬਿਆਸ ਅਤੇ ਸਤਲੁਜ ਦਰਮਿਆਨ ਉੱਤਰ ਵੱਲ ਪਹਿਲੋਂ ਕੰਢੀ ਦੀ ਰਮਨੀਕ ਜੂਹ ਨੀਮ ਪਹਾੜੀ ਇਲਾਕਾ ਹੈ ਜਿਸਦੇ ਉੱਪਰ ਵੱਲ ਕਾਂਗੜੀ, ਬਿਲਾਸਪੁਰੀ, ਮੰਡਿਆਲੀ ਪਹਾੜੀ ਲਹਿਜੇ ਹਨ ਤੇ ਕੰਢੀ ਦੀ ਆਪਣੀ ਉਪ ਬੋਲੀ ਪਹਾੜੀ ਡੋਗਰੀ ਤੇ ਦੋਆਬੀ ਦੇ ਮਿਸ਼ਰਣ ਵਾਲੀ ਮਿਸ਼ਰੀ ਵਰਗੀ ਮਿੱਠੀ ਬੋਲੀ ਹੈ। ਇਸ ਦਾ ਖੇਤਰ ਰਾਵੀ ਦੇ ਕੰਢਿਆਂ ਪਠਾਣਕੋਟ, ਧਾਰ ਤੋਂ ਸ਼ੁਰੂ ਹੋ ਕੇ ਮੁਕੇਰੀਆਂ, ਤਲਵਾੜਾ, ਕਮਾਹੀ ਦੇਵੀ, ਚਿੰਤਪੁਰਨੀ, ਊਨਾ, ਨੰਗਲ ਜੈਜੋ, ਨੂਰਪੁਰ ਬੇਦੀ, ਰੋਪੜ ਤੋਂ ਵੀ ਅੱਗੇ ਨਾਲਾਗੜ੍ਹ, ਪੰਜੌਰ, ਬੱਦੀ, ਕਾਲਕਾ, ਪਰਵਾਨੂੰ ਤੇ ਚੰਡੀਗੜ੍ਹ ਜਾਂ ਦਰਿਆ ਘੱਗਰ ਤੀਕ ਹੈ। ਇਸ ਤੋਂ ਹੇਠਾਂ ਹੁਸ਼ਿਆਰਪੁਰ, ਨਵਾਂ ਸ਼ਹਿਰ, ਜਲੰਧਰ, ਕਪੂਰਥਲੇ ਦੀ ਬੋਲੀ ਦਾ ਦੋਆਬੀ ਲਹਿਜਾ ਆ ਜਾਂਦਾ ਹੈ।

ਅਗਾਂਹ ਪੂਰਬ ਤੇ ਦੱਖਣ ਵੱਲ ਜਾਂਦਿਆਂ ਦਰਿਆ ਸਤਲੁਜ ਅਤੇ ਘੱਗਰ ਵਿਚਕਾਰ ਪੁਆਧੀ ਉਪ ਬੋਲੀ ਦਾ ਖੇਤਰ ਹੈ। ਇਸ ਜੂਹ ਵਿਚ ਅਨੰਦਪੁਰ ਸਾਹਿਬ, ਰੋਪੜ, ਚੰਡੀਗੜ੍ਹ, ਪੰਚਕੂਲਾ, ਮੁਹਾਲੀ, ਅੱਧਾ ਫਤਿਹਗੜ੍ਹ ਸਾਹਿਬ ਤੇ ਅੱਧਾ ਪਟਿਆਲੇ ਦਾ ਜਿਲ੍ਹਾ ਅਤੇ ਕੁਝ ਹਿੱਸਾ ਹਰਿਆਣੇ ਦਾ ਅੰਬਾਲਾ ਤੇ ਕੈਥਲ ਦੇ ਜ਼ਿਲ੍ਹੇ ਆ ਜਾਂਦੇ ਹਨ। ਪੁਆਧੀ ਲਹਿਜੇ ਦੀ ਆਪਣੀ ਖੂਬਸੂਰਤੀ ਹੈ। ਦੁਖਦਾਈ ਤੱਥ ਇਹ ਹੈ ਕਿ ਪੁਆਧੀ ਬੋਲੀ ਉੱਤੇ ਚੰਡੀਗੜ੍ਹ ਦੇ ਆਧੁਨਿਕ ਮਹਾਂਨਗਰ ਤੇ ਆਸ-ਪਾਸ ਦੇ ਸ਼ਹਿਰਾਂ ਵਿਚ ਪੰਜਾਬ ਹਰਿਆਣਾ ਹਿਮਾਚਲ ਤੋਂ ਆਈ ਵਣ-ਵਣ ਦੀ ਵਸੋਂ ਅਤੇ ਪੂਰਬੀਆਂ ਦਾ ਗਲਬਾ ਹੋ ਗਿਆ ਹੈ। ਇਹਦੇ ਨਾਲ ਪੁਆਧੀ ਦੀ ਠੁੱਕ ਠੇਠਤਾਈ ਨੂੰ ਗੰਭੀਰ ਸੱਟ ਵੱਜੀ ਹੈ।

ਫੇਰ ਲੁਧਿਆਣਾ, ਮੋਗਾ, ਫਰੀਦਕੋਟ, ਫਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ, ਬਠਿੰਡਾ, ਮਾਨਸਾਂ, ਬਰਨਾਲਾ, ਸੰਗਰੂਰ ਨਾਭਾ ਤੋਂ ਅਮਲੋਹ ਤੱਕ ਦਾ ਇਲਾਕਾ ਮਾਲਵਾ ਅਖਵਾਉਂਦਾ ਹੈ। ਇਸ ਲੰਬੇ ਚੌੜੇ ਖੇਤਰ ਦੀ ਉਪਬੋਲੀ ਮਲਵਈ ਆਖੀ ਜਾਂਦੀ ਹੈ। ਘੱਗਰੋਂ ਪਾਰ ਟੋਹਾਣਾਂ, ਫਤਿਆਵਾਦ ਤੇ ਕੁਝ ਕੁ ਹਿੱਸੇ ਜੀਂਦ ਤੇ ਹਿਸਾਰ ਦਾ ਲਹਿਜਾ ਬਾਗਰੂ ਹੈ। ਸਿਰਸਾ, ਹਿਸਾਰ ਤੇ ਰਾਜਸਥਾਨ ਦਾ ਹਨੂੰਮਾਨ ਗੜ੍ਹ, ਗੰਗਾ ਨਗਰ ਦਾ ਖੇਤਰ ਬਾਗੜੀ ਉਪਬੋਲੀ ਦਾ ਹੈ। ਮਾਲਵੇ ਦੇ ਦੱਖਣ ਪੱਛਮ ਵੱਲ ਮੋੜਾ ਕੱਟਦੇ ਹੋਏ ਫਾਜ਼ਿਲਕਾ ਤੇ ਫਿਰੋਜਪੁਰੋਂ ਸੱਤਲੁਜ ਤੋਂ ਦੱਖਣ ਵੱਲ ਵੱਡਾ ਰੇਗਿਸਤਾਨੀ ਖੇਤਰ ਬਹਾਵਲ ਨਗਰ, ਬਹਾਵਲ ਪੁਰ, ਰਹੀਮਯਾਰ ਖਾਨ ਤੀਕਰ ਬਹਾਉਲੀ / ਸਰਾਇਕੀ ਲਹਿਜਾ ਹੈ। ਅੱਗੋਂ ਸਤਲੁਜ ਤੇ ਰਾਵੀ ਵਿਚਕਾਰ ਲਹਿੰਦੀ ਬੋਲੀ ਦੀ ਜੂਹ ਲੰਮਾ ਦੇਸ ਆ ਜਾਂਦੀ ਹੈ। ਇਹਦੇ ਵਿਚ ਉਕਾੜ੍ਹਾ, ਸਾਹੀਵਾਲ, ਪਾਕਪਟਨ, ਮੁਲਤਾਨ, ਵਿਹਾੜੀ ਦੇ ਪੰਜਾਬ ਦੇ ਧੁਰ ਦੱਖਣੀ ਹਿੱਸੇ ਸਿੰਧੀ ਬੋਲੀ ਨਾਲ ਸਾਂਝ ਰੱਖਣ ਵਾਲੇ

ਪੰਜਾਬੀ ਦੀ ਪੁਰਾਤਨ ਵਿਰਾਸਤੀ ਜ਼ੁਬਾਨ ਲਹਿੰਦੀ ਦੇ ਖੇਤਰ ਹਨ। ਭਲੇ ਸਮਿਆਂ ਵਿਚ ਮੁਲਤਾਨੀ ਹੀ ਸਾਡੇ ਸੂਫੀ ਬਾਬਿਆਂ, ਕਿੱਸਾ ਕਾਰਾਂ ਤੇ ਗੁਰੂ ਨਾਨਕ ਦੇਵ ਜੀ ਦੇ ਵੇਲਿਆਂ ਤੱਕ ਇਸ ਖਿੱਤੇ ਦੀ ਮੁੱਖ ਬੋਲੀ ਰਹੀ ਹੈ। ਪਿੱਛੋਂ ਆ ਕੇ ਲਾਹੌਰੀ ਜਾਂ ਮਾਝੀ ਨੇ ਪਿੜ ਮੱਲ ਲਿਆ।

1947 ਈ: ਵਾਲੇ ਅਤਿਅੰਤ ਭਿਆਨਕ ਸਮੇਂ ਨੇ ਪੰਜਾਬ ਦੀ ਜ਼ੁਬਾਨ, ਇਥੋਂ ਦੀ ਇਕਜੁੱਟ ਸਭਿਆਚਾਰਕ ਵਿਰਾਸਤ ਅਤੇ ਇਤਿਹਾਸ ਦਾ ਜੋ ਘਾਣ ਕੀਤਾ ਉਹ ਅਸਹਿ ਅਤੇ ਅਕਿਹ ਹੈ। ਦੱਖਣੀ ਏਸ਼ੀਆਂ ਦੇ ਸਿਰਮੌਰ ਖੇਤਰ ਨੂੰ ਖੱਖੜੀਆਂ ਕਰੇਲੇ ਕਰ ਕੇ ਜੋ ਤਰਸ ਜੋਗ ਹਾਲਤ ਉਸ ਵੇਲੇ ਦੇ ਹੁਕਮਰਾਨਾ ਨੇ ਸਾਡੀ ਮਾਂ ਬੋਲੀ ਦੀ ਕੀਤੀ ਉਹ ਇਤਿਹਾਸ ਨੂੰ ਸਦਾ ਹੀ ਕਲੰਕਤ ਕਰਦੀ ਰਹੇਗੀ। ਅੱਜ ਲਹਿੰਦੇ ਵਾਲੇ ਪੰਜਾਬ ਵਿਚ ਪੰਜਾਬੀ ਬੋਲਨ ਵਾਲਿਆਂ ਦੀ ਆਪਣੀ ਮਾਦਰੀ ਜ਼ੁਬਾਨ ਸਰਕਾਰ ਦੇ ਕਿਸੇ ਅਦਾਰੇ ਜਾਂ ਸਦਰ ਸ਼ਹਿਰ ਲਾਹੌਰ ਦੀਆਂ ਅਦਾਲਤਾਂ ਤੇ ਅਸੈਂਬਲੀ ਦੀਆਂ ਬਰੂਹਾਂ ਵੀ ਨਹੀਂ ਲੰਘ ਸਕਦੀ। ਉੱਥੇ ਉਰਦੂ ਅੰਗ੍ਰੇਜ਼ੀ ਦਾ ਬੋਲ ਬਾਲਾ ਹੈ। ਚੜ੍ਹਦੇ ਪੰਜਾਬ ਦੀ ਅੱਗੋਂ ਹੋਈ ਵੰਡ ਦਰ ਵੰਡ ਨੇ ਦਿੱਲੀ ਹਰਿਆਣਾ, ਹਿਮਾਚਲ ਅਤੇ ਜੰਮੂ ਵਿਚ ਪੰਜਾਬੀ ਨੂੰ ਮਰਨ ਕੰਢੇ ਤੇ ਪਹੁੰਚਾ ਦਿੱਤਾ ਹੈ। ਹੁਣ ਤੋਂ ਤੀਹ ਕੁ ਵਰ੍ਹੇ ਪਹਿਲਾਂ ਆਪਣੀਆਂ ਪੰਜਾਬਣ ਮਾਵਾਂ ਦੇ ਜਾਇਆ ਨੇ ਆਪਣੀਆਂ ਜੜ੍ਹਾਂ ਫਰੋਲਣ ਪਿਛੋਂ ਇਕ ਅਸਲੀ ਤੇ ਨਿਵੇਕਲੀ ਕਿਸਮ ਦੀ ਢਾਣੀ, 'ਪੰਜਾਬੀ ਸੱਥ' ਨਾਮੀਂ ਬਿਲਕੁਲ ਹੇਠਲੀ ਪੱਧਰ ਤੇ ਕੰਮ ਕਰਨ ਵਾਲੀ ਜਥੇਬੰਦੀ ਦਾ ਮੁੱਢ ਬੰਨ੍ਹਿਆ। ਇਸ ਦਾ ਮੁੱਖ ਮਨੋਰਥ ਰਵਾਇਤੀ ਲੀਹ ਤੋਂ ਹਟਵਾਂ ਪੰਜਾਬ ਦੀ ਬੋਲੀ ਵਿਰਾਸਤ, ਸਭਿਆਚਾਰ ਅਤੇ ਇਤਿਹਾਸ ਨੂੰ ਖੰਘਾਲ ਕੇ ਬਦਲਵੇਂ ਤੌਰ ਤਰੀਕਿਆਂ ਰਾਹੀ ਇਸ ਖਿੱਤੇ ਦੇ ਅਤੀਤ ਤੋਂ ਸਬਕ ਸਿੱਖ ਕੇ ਵਰਤਮਾਨ ਵਿਚ ਸਮੇਂ ਦੇ ਹਾਣੀ ਬਣ ਕੇ ਭਵਿੱਖ ਦਾ ਰਸਤਾ ਲੱਭਣਾ ਮਿੱਥਿਆ ਗਿਆ।

ਸਮਾਂ ਬੜਾ ਸਮਰੱਥ ਕਿਰਦਾਰ ਸਦਾ ਹੀ ਨਿਭਾਉਂਦਾ ਰਿਹਾ ਹੈ। ਗਿਆਨ-ਵਿਗਿਆਨ ਨੇ ਨਵੀਆਂ ਤੋਂ ਨਵੀਆਂ ਅਲੋਕਾਰੀ ਕਾਢਾਂ ਰਾਹੀਂ ਅਨੇਕਾਂ ਹੀ ਸੰਦ ਅਤੇ ਤੌਰ ਤਰੀਕੇ ਖੋਜ ਕੇ ਪੰਜਾਬੀ ਦੀ ਸਾਂਭ-ਸੰਭਾਲ, ਤਰੱਕੀ ਕਰਨ ਤੇ ਸਮੇਂ ਦੇ ਹਾਣੀ ਬਣਨ ਦੇ ਰਾਹ ਖੋਲ੍ਹ ਦਿੱਤੇ ਹਨ। ਹੁਣ ਤੋਂ ਸਿਰਫ ਸੱਤਰ ਕੁ ਸਾਲ ਪਹਿਲਾਂ ਪੰਜਾਬੀ ਦੇ ਮੁੱਢਈ ਅਖਬਾਰ ਵੀ ਉਰਦੂ ਵਾਲੇ ਅੱਖਰਾਂ ਵਿਚ ਹੀ ਛਪਦੇ ਸਨ। ਅੱਜ ਪੰਜਾਬੀ ਦੇ ਦਰਜਨਾਂ ਹੀ ਨਹੀਂ ਸੈਂਕੜੇ ਅਖਬਾਰ, ਰਸਾਲੇ ਕਾਗਜਾਂ ਤੇ ਹੀ ਨਹੀਂ ਕੰਪਿਊਟਰ, ਟੈਲੀਫੋਨ ਤੇ ਆਨਲਾਇਨ ਧੜਾ ਧੜ ਛਪਦੇ ਤੇ ਪੜ੍ਹੇ ਜਾਂਦੇ ਹਨ। ਹੱਦਾਂ, ਸਰਹੱਦਾਂ, ਹਕੂਮਤਾਂ ਲੋਕਾਈ ਦੀਆਂ ਬੋਲੀਆਂ ਤੇ ਲਿਪੀਆਂ ਦੇ ਪਸਾਰ ਨੂੰ ਡੱਕਣ ਵਿਚ ਅਸਫਲ ਹੋ ਚੁੱਕੀਆਂ ਹਨ। ਵੀਹਵੀਂ ਸਦੀ ਦੇ ਅੰਤਲੇ ਅਤੇ ਇੱਕੀਵੀਂ ਦੇ ਮੁੱਢਲੇ ਸਾਲਾਂ ਨੇ ਮੌਕੇ ਬਖਸ਼ੇ ਹਨ ਕਿ ਅਸੀਂ ਆਪਣੀ ਹੀਣਤਾਈ ਦੇ ਖੋਲ਼ ਵਿਚੋਂ ਬਾਹਰ ਨਿਕਲ ਕੇ ਖੁੱਲ੍ਹੇ-ਡੁੱਲ੍ਹੇ ਮੋਕਲੇ ਮਾਹੌਲ ਵਿਚ ਆਪਣਾ ਸਵੈ-ਮਾਣ ਤੇ ਅਣਖ ਦੀਆਂ ਵਿਰਾਸਤੀ ਸ਼ਾਨਾਂ ਜੱਗ ਜਾਹਰ ਕਰੀਏ। ਮੜਕ ਨਾਲ ਤੁਰਨ ਦੀ ਜਾਂਚ ਸਿੱਖ ਕੇ ਅੱਗੇ ਤੋਂ ਅੱਗੇ ਵਧੀਏ। ਕੁਦਰਤ ਵੱਲੋਂ ਬਖ਼ਸ਼ੀ ਦਾਤ ਰੂਪੀ ਸੁਰਤ ਤੇ ਸੋਝੀ ਰਾਹੀਂ ਭਿੰਨ ਭਿੰਨ ਲਹਿਜਿਆਂ 'ਚੋਂ ਮਾਂ ਪੰਜਾਬੀ ਦਾ ਮੁਹਾਂਦਰਾ ਪਛਾਣੀਏ।

● ● ●

## ਰੌਚਕ ਤੱਥ

1. ਤਿਤਲੀ ਕਿਸੇ ਚੀਜ਼ ਦਾ ਸਵਾਦ ਪੈਰਾਂ ਨਾਲ ਲੈਂਦੀ ਹੈ।
2. ਕੀੜੀਆਂ ਕਦੇ ਸੌਂਦੀਆਂ ਨਹੀਂ ਹਨ।
3. ਦੁਨੀਆਂ ਦੀ ਸਭ ਤੋਂ ਤਿੱਖੀ ਮਿਰਚ ਇੰਨੀ ਤਿੱਖੀ ਹੁੰਦੀ ਹੈ ਕਿ ਜਿਸ ਨੂੰ ਖਾਣ ਨਾਲ ਮੌਤ ਹੋ ਸਕਦੀ ਹੈ।
4. ਕਿਰਲੀ ਦਾ ਦਿਲ ਇਕ ਮਿੰਟ ਵਿਚ 1000 ਬਾਰ ਧੜਕਦਾ ਹੈ।
5. ਦੁਨੀਆਂ ਦਾ ਸਭ ਤੋਂ ਪਹਿਲਾਂ ਕੰਪਿਊਟਰ ਵਾਇਰਸ ਪਾਕਿਸਤਾਨ ਦੇ ਦੋ ਭਰਾਵਾਂ ਨੇ ਬਣਾਇਆ ਸੀ।
6. ਦੁਨੀਆਂ ਦੇ ਪਹਿਲੇ ਕੈਮਰੇ ਵਿਚ ਫੋਟੋ ਖਿਚਵਾਉਣ ਲਈ ਵਿਅਕਤੀ ਨੂੰ ਅੱਠ ਘੰਟੇ ਦਾ ਇੰਤਜ਼ਾਰ ਕਰਨਾ ਪੈਂਦਾ ਸੀ।
7. ਸ਼ਤਰੰਜ ਦੀ ਖੋਜ ਭਾਰਤ ਵਿਚ ਹੋਈ ਸੀ।
8. ਅੰਗਰੇਜ਼ੀ ਵਿਚ 1 ਤੋਂ ਲੈ ਕੇ 999 ਤੱਕ ਗਿਣਤੀ ਲਿਖਣ ਵੇਲੇ 1 ਕਿਸੇ ਵੀ ਸ਼ਬਦ ਵਿਚ ਨਹੀਂ ਆਉਂਦੀ।
9. ਸ਼ੁਤਰਮੁਰਗ ਦੀਆਂ ਅੱਖਾਂ ਉਸ ਦੇ ਦਿਮਾਗ਼ ਵਿਚ ਵੜੀਆਂ ਹੁੰਦੀਆਂ ਹਨ।
10. ਸਿੰਘਾਪੁਰ ਵਿਚ ਇੱਕ ਵੀ ਖੇਤ ਨਹੀਂ ਹੈ।
11. ਸਤਰੰਗੀ ਪੀਂਘ ਅਸਲ ਵਿਚ ਪੂਰੀ ਤਰ੍ਹਾਂ ਗੋਲ ਹੁੰਦੀ ਹੈ ਪਰ ਜ਼ਮੀਨ ਤੋਂ ਇਹ ਅੱਧੀ ਦਿਖਾਈ ਦਿੰਦੀ ਹੈ।
12. Exams ਦੀ ਸ਼ੁਰੂਆਤ Henry Fischel ਨੇ ਕੀਤੀ ਸੀ।
13. ਔਕਟੋਪਸ ਦੇ ਤਿੰਨ ਦਿਲ ਹੁੰਦੇ ਹਨ।
14. ਰਬੜ ਦੀ ਖੋਜ ਤੋਂ ਪਹਿਲਾਂ ਪੈਨਸਿਲ ਨੂੰ ਬਰੈੱਡ ਨਾਲ ਮਿਟਾਇਆ ਜਾਂਦਾ ਸੀ।

# ਅਪਾਹਜ

**ਸਤਵਿੰਦਰ ਸਿੰਘ ਬੇਗੋਵਾਲੀਆ**

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ।ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ।ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਭਿਖਾਰੀ** : ਕਿਉਂ ਅੱਕੀ ਪਈ ਏ? ਅੱਕਣ ਸਾਡੇ ਵਰਗੇ ਅਪਾਹਜ, ਲਚਾਰ। ਜਿਹੜੇ ਨਾ ਚੰਗੀ ਤਰ੍ਹਾਂ ਤੁਰ ਸਕਦੇ ਨੇ, ਨਾ ਕਮਾ ਸਕਦੇ ਨੇ, ਨਾ ਪੇਟ ਭਰ ਕੇ ਖਾ ਸਕਦੇ ਨੇ। ਪਰ ਆਹ ਲੜਕੀ ਨੇ ਪੂਰੇ ਟਸ਼ਨੇ ਮਸ਼ਨੇ ਕੀਤੇ ਨੇ, ਵਧੀਆ ਸੂਟ ਪਾਇਐ, ਸੋਹਣਾ ਬੈਗ ਲਮਕਾਇਐ। ਖਾਂਦੀ ਪੀਂਦੀ ਟੀਟਣੇ ਕਿਉਂ ਮਾਰਦੀ ਏ?

(ਲੜਕੀ ਫਿਰ ਘੂਰਦੀ ਹੈ)

**ਖੋਜੀ** : ਸੂਟ ਬੂਟ ਦਾ ਹੀ ਸਾਰਾ ਪਰਤਾਪ ਏ, ਨਹੀਂ ਤਾਂ ਦਫ਼ਤਰ ਵਾਲਿਆਂ ਅੰਦਰ ਨਹੀਂ ਵੜਣ ਦੇਣਾਂ। ਦਫ਼ਤਰ ਵਾਲਿਆਂ ਨੂੰ ਇੱਕ ਹੋਰ ਮਾਰ ਏ.....

**ਭਿਖਾਰੀ** : ਕਿਹੜੀ ਮਾਰ?

**ਖੋਜੀ** : ਉਹਨਾਂ ਦਫ਼ਤਰਾਂ ਵਿਚ ਉਹੀ ਕੁੜੀਆਂ ਰਹਿ ਸਕਦੀਆਂ ਨੇ ਜੋ ਬਣ ਠਣ ਕੇ ਰੈਡੀਮੇਟ ਖਿਡੌਣਾ ਬਣ ਕੇ ਕੁਰਸੀ 'ਤੇ ਸੱਜ ਜਾਣ।

**ਭਿਖਾਰੀ** : ਰੈਡੀਮੇਡ ਖਿਡੌਣਾ?

**ਖੋਜੀ** : ਹਾਂ, ਇਹ ਕੁੜੀ ਵੀ ਦਫ਼ਤਰ ਦੇ ਬੌਸ ਦੇ ਹੱਥਾਂ ਵਿਚ ਖਿਡੌਣਾ ਹੀ ਏ। ਉਹ ਖਿਡੌਣੇ ਨੂੰ ਭਾਵੇਂ ਨਚਾਵੇ, ਭਾਵੇਂ ਹਵਾ 'ਚ ਲਹਿਰਾਵੇ, ਕੀਹਦੀ ਮਜ਼ਾਲ ਏ ਉਹਨੂੰ ਟੋਕਣ ਦੀ। ਇਹ ਲੜਕੀ ਪੱਤਝੜ ਬਣ ਗਈ ਏ ਜਿਹੜੇ ਵਿਚ ਕੋਈ ਰੰਗ ਨਹੀਂ। ਨਿਰੀ ਖੋਖਲੀ ਜ਼ਿੰਦਗੀ! ਇਹ ਆਪਣੇ ਰੋਜ਼-ਰੋਜ਼ ਦੇ ਇੱਕੋ ਕੰਮ ਤੋਂ ਤੰਗ ਆ ਗਈ ਏ, ਯਾਨੀ ਬੋਰ ਹੋ ਗਈ ਏ।

**ਲੜਕੀ** : (ਖਿੱਝ ਕੇ) ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਮੈਂ ਆਪਣੇ ਕੰਮ ਤੋਂ ਬੋਰ ਹੋ ਗਈ ਆਂ?

**ਖੋਜੀ** : (ਹੱਸਦਾ ਹੈ) ਤੇਰਾ ਚਿਹਰਾ ਬੋਲਦਾ ਪਿਐ, ਇਹਦੇ ਉੱਪਰ ਆਈ ਪਲਿੱਤਣ ਮੇਰੀ ਗੱਲ ਦੀ ਗਵਾਹ ਏ। ਤੇਰੇ ਹਰ ਬੋਲ ਵਿਚ ਖਿੱਝ ਵੇ, ਇਕ ਸ਼ਕੈਤ ਹੈ। (ਅਪਾਹਜ ਨੂੰ) ਇਸ ਲੜਕੀ ਨੇ ਐਨਕਾਂ ਪਤਾ ਕਿਉਂ ਲਾਈਆਂ ਨੇ?

**ਭਿਖਾਰੀ** : ਹੂੰ! ਐਨਕਾਂ ਦਾ ਪਰਛਾਵਾਂ ਮੂੰਹ 'ਤੇ ਪੈਣ ਨਾਲ ਚਮੜੀ ਚਮਕ ਉੱਠੇ ਤੇ ਅੱਡਿਆਂ 'ਤੇ ਅਵਾਰਾ ਘੁੰਮਣ ਵਾਲੇ ਮੁੰਡੇ ਪਹਿਲੀ ਨਜ਼ਰੇ ਫੱਟੜ ਹੋ ਜਾਣ ਤੇ ਮੁੜ ਕੇ ਪਾਣੀ ਨਾ ਮੰਗਣ।

**ਖੋਜੀ** : ਅਸਲ ਗੱਲ ਕੁੱਝ ਹੋਰ ਏ, ਇਹਦੀ ਨਜ਼ਰ ਕਮਜ਼ੋਰ ਹੋ ਗਈ ਏ। ਫੈਸ਼ਨ ਵਾਲੀਆਂ ਐਨਕਾਂ ਵਿਚ ਫਿੱਟ ਕੀਤਾ ਆਹ ਲੈਨਜ। ਸਵੇਰ ਤੋਂ ਦੇਰ ਰਾਤ ਤੱਕ ਕੰਮ ਕਰਕੇ ਇਹਨੇ ਆਪਣੀਆਂ ਨਸ਼ੀਲੀਆਂ ਅੱਖਾਂ ਦੀ ਜੋਤ ਘਟਾ ਲਈ ਏ।

**ਭਿਖਾਰੀ** : ਪਰ ਮੈਨੂੰ ਕੀ ਲੱਗੇ ਇਹਦੇ ਨਾਲ? ਮੈਨੂੰ ਭੁੱਖ ਲੱਗੀ ਏ, ਮੈਂ ਭੀਖ ਮੰਗ ਰਿਹਾਂ ਮੇਮ ਸਾਹਬ!

**ਖੋਜੀ** : ਇਹ ਲੜਕੀ ਭੀਖ ਮੰਗਣ ਨੂੰ ਸਖ਼ਤ ਨਫ਼ਰਤ ਕਰਦੀ ਏ। ਇਹਦੇ ਤੋਂ ਭੀਖ ਨਾ ਹੀ ਮੰਗ।

**ਭਿਖਾਰੀ** : ਕਿਉਂ ਨਾ ਮੰਗਾਂ?

**ਖੋਜੀ** : ਇਹ ਲੜਕੀ ਵੀ ਇੱਕ ਵਾਰ ਭੀਖ ਮੰਗਣ ਗਈ ਸੀ...

**ਲੜਕੀ** : (ਟੋਕਦੀ ਹੋਈ) ਗਲਤ, ਮੈਂ ਕਦੇ ਭੀਖ ਨਹੀਂ ਮੰਗੀ।

**ਖੋਜੀ** : ਭੁੱਲ ਗਈ ਜਦ ਘਰ ਦੀਆਂ ਤੰਗੀਆਂ ਤੁਰਸ਼ੀਆਂ ਤੋਂ ਲਚਾਰ ਹੋ ਕੇ ਆਪਣੇ ਦਫ਼ਤਰ ਵਿਚ ਪਹਿਲੀ ਵਾਰ ਪਹੁੰਚੀ ਸੀ.....

**ਲੜਕੀ** : ਪਰ ਤੁਸੀਂ ਕਿਵੇਂ ਜਾਣਦੇ ਹੋ? ਤੁਸੀਂ ਕੋਈ ਸੀ.ਆਈ.ਡੀ. ਵਾਲੇ ਹੋ?

**ਖੋਜੀ** : ਮੈਂ ਇੱਕ ਖੋਜੀ ਹਾਂ। ਤੂੰ ਤਰਲਾ ਮਾਰਿਆ ਜਿਵੇਂ ਭੀਖ ਮੰਗ ਰਹੀ ਹੋਵੇਂ.....

**ਭਿਖਾਰੀ** : ਜਿਵੇਂ ਮੈਂ ਮੰਗ ਰਿਹਾਂ?

| | | |
|---|---|---|
| **ਖੋਜੀ** | : | ਹਾਂ, ਪਰ ਉਥੇ ਗੱਲ ਵੱਖਰੀ ਸੀ। ਬੌਸ ਨੇ ਯੈੱਸ ਕੀਤੀ ਤੇ ਤੈਨੂੰ ਸ਼ਾਮਾਂ ਨੂੰ ਕੱਲਿਆਂ ਮਿਲਣ ਲਈ ਕਿਹਾ ਤੇ ਫਿਰ ਉਹ ਸ਼ਰਾਬ ਤੇ ਸ਼ਬਾਬ ਵਿਚ ਡੁੱਬ ਗਿਆ ਤੇ ਤੂੰ ਉਸ ਦਿਨ ਤੋਂ ਵੀਰਾਨ ਧਰਤੀ ਬਣ ਗਈ। |
| **ਲੜਕੀ** | : | (ਕੰਬਦੀ ਆਵਾਜ਼ ਵਿਚ) ਮੈਨੂੰ ਇਸ ਤਰ੍ਹਾਂ ਨੌਕਰੀ ਨਹੀਂ ਸੀ ਮਿਲੀ। ਇੰਟਰਵਿਊ ਬੋਰਡ ਨੇ ਮੇਰੀ ਇੰਟਰਵਿਊ ਲੈ ਕੇ ਮੇਰੀ ਸਲੈਕਸ਼ਨ ਕੀਤੀ ਸੀ। |
| **ਖੋਜੀ** | : | ਤੇਰੇ ਚਿਹਰੇ ਉੱਪਰ ਫਿਰ ਸੱਚ ਉਕਰ ਆਇਐ, ਸੱਚ ਛੁਪਾਇਆ ਨਹੀਂ ਛੁਪਦਾ। ਤੂੰ ਇੰਟਰਵਿਊ ਬੋਰਡ ਸਾਹਮਣੇ ਹਾਜ਼ਰ ਹੋਈ ਸੀ ਤਾਂ ਕਿਸੇ ਨੇ ਤੇਰੇ ਸਰਟੀਫਿਕੇਟਾਂ ਵੱਲ ਨਜ਼ਰ ਵੀ ਨਾ ਮਾਰੀ। ਉਹਨਾਂ ਵਾਸਤੇ ਉਹ ਚਿੱਟ ਹੀ ਅਸਲ ਸਰਟੀਫਿਕੇਟ ਸੀ ਜੋ ਤੇਰੇ ਬੌਸ ਨੇ ਇਕ ਦਿਨ ਪਹਿਲਾਂ ਤੈਨੂੰ ਸ਼ਾਮਾਂ ਨੂੰ..... |
| **ਲੜਕੀ** | : | ਬੱਸ ਕਰੋ ਪਲੀਜ਼। |
| **ਖੋਜੀ** | : | ਪਰ ਕਿਉਂ? ਸੱਚੀ ਗੱਲ ਹਥੌੜੇ ਵਾਂਗ ਠਾਹ ਵੱਜਦੀ ਏ। ਉਹ ਵੀ ਸਮਾਂ ਸੀ ਜਦ ਤੇਰੀ ਵਾਜ ਕੋਇਲ ਵਰਗੀ ਸੀ। ਤੂੰ ਗਾਉਂਦੀ ਸੀ ਤਾਂ ਸਰੋਤਿਆਂ ਤੇ ਜਾਦੂ ਵਰਗਾ ਅਸਰ ਹੋ ਜਾਂਦਾ ਸੀ। |
| **ਭਿਖਾਰੀ** | : | (ਦਿਲਚਸਪੀ ਲੈਂਦਾ ਹੋਇਆ) ਕੋਇਲ ਬਾਗੀਂ ਆਏਗੀ ਮੇਰਾ ਗੀਤ ਗਾਏਗੀ।<br>(ਭਿਖਾਰੀ ਦੀ ਉਦਾਸ ਸੁਰ ਤੇ ਗਾਈਆਂ ਸਤਰਾਂ ਤੋਂ ਖੋਜੀ ਪ੍ਰਭਾਵਿਤ ਹੁੰਦਾ ਹੈ) |
| **ਖੋਜੀ** | : | ਪਰ ਹੁਣ ਇਸ ਲੜਕੀ ਦੀ ਵਾਜ ਵਿਚ ਨਾ ਕੋਈ ਮਿਠਾਸ ਏ, ਨਾ ਕੋਈ ਤਾਜ਼ਗੀ ਏ। ਸਾਰਾ ਦਿਨ ਟਾਈਪ ਕਰਦੀ ਏ, ਖੁਦ ਇਕ ਮਸ਼ੀਨ ਬਣ ਗਈ ਏ। ਇਹਦੀ ਵਾਜ ਅਪਾਹਜ ਹੋ ਗਈ ਏ, ਅਸਲ ਵਿਚ ਉਸ ਚੰਦਰੀ ਸ਼ਾਮ ਨੂੰ ਇਹ ਬੌਸ ਕੋਲ ਕੱਲੀ..... |
| **ਲੜਕੀ** | : | (ਕੰਨਾਂ 'ਤੇ ਹੱਥ ਧਰ ਕੇ) ਤੁਹਾਨੂੰ ਕੀ ਹੱਕ ਏ ਕਿਸੇ ਦੀ ਜ਼ਿੰਦਗੀ ਦੇ ਪਰਦੇ ਚੁੱਕਣ ਦਾ? |
| **ਖੋਜੀ** | : | ਤੇ ਉਸ ਬੁੱਚੜ ਬੌਸ ਨੂੰ ਕੀ ਹੱਕ ਏ ਅਗਲੇ ਦੀ ਗਰੀਬੀ ਦਾ ਨਜੈਜ ਫਾਇਦਾ ਉਠਾ ਕੇ ਆਪਣੀਆਂ ਸ਼ਾਮਾਂ ਰੰਗੀਨ ਕਰਨ ਦਾ? |
| **ਲੜਕੀ** | : | ਮੈਨੂੰ ਨਹੀਂ ਪਤਾ।<br>(ਲੜਕੀ ਰੋਣਹਾਕੀ ਹੋ ਜਾਂਦੀ ਹੈ) |
| **ਭਿਖਾਰੀ** | : | ਮੈਨੂੰ ਪਤੈ ਆਪਣੀ ਲੋੜ ਦਾ, ਤੈਨੂੰ ਵੀ ਪਤੈ। ਮੈਂ ਭੀਖ ਮੰਗ ਰਿਹਾਂ, ਮੇਰਾ ਢਿੱਡ ਰੋਟੀ ਮੰਗਦਾ ਏ। ਹਾਏ ਰੋਟੀ! ਹਾਏ ਰੋਟੀ! |
| **ਖੋਜੀ** | : | (ਭਿਖਾਰੀ ਨੂੰ) ਤੂੰ ਤਾਂ ਸਰੀਰ ਵੱਲੋਂ ਅਪਾਹਜ ਏਂ ਪਰ (ਲੜਕੀ ਵੱਲ ਇਸ਼ਾਰਾ ਕਰਕੇ) ਆਹ ਲੋਕ ਸਰੀਰ ਵੱਲੋਂ ਤੰਦਰੁਸਤ ਹੁੰਦੇ ਹੋਏ ਵੀ ਅਪਾਹਜ ਬਣੇ ਬੈਠੇ ਨੇ। |
| **ਲੜਕੀ** | : | ਅਪਾਹਜ..... ਅਪਾਹਜ, ਪਲੀਜ਼ ਆਪਣੀ ਜ਼ਬਾਨ ਨੂੰ ਤਾਲਾ ਮਾਰੋ, ਮੇਰਾ ਸਿਰ ਚਕਰਾ ਰਿਹੈ। ਉਹੋ..... ਮੇਰੇ ਦਿਲ ਨੂੰ ਘਬਰਾਹਟ ਹੋ ਰਹੀ ਏ, ਮੈਂ ਖੜ੍ਹੀ ਖੜ੍ਹੀ ਡਿੱਗ ਪਵਾਂਗੀ।<br>(ਪਰਸ ਵਿਚੋਂ ਗੋਲੀ ਕੱਢ ਕੇ ਖਾਂਦੀ ਹੈ) |
| **ਖੋਜੀ** | : | (ਹੱਸਦਾ ਹੋਇਆ) ਵਾਹ! ਗੋਲੀਆਂ ਆਸਰੇ ਕਦ ਤੱਕ ਗੱਡੀ ਰਿੜਕੀ ਰਹੇਗੀ? |
| **ਲੜਕੀ** | : | ਤੁਸੀਂ ਮੇਰੇ ਜ਼ਖ਼ਮਾਂ 'ਤੇ ਲੂਣ ਛਿੜਕਦੇ ਪਏ ਹੋ, ਇਥੇ ਖੜ੍ਹੇ ਹੋ ਕੇ ਮੈਂ ਗਲਤੀ ਕੀਤੀ ਏ। ਮੈਨੂੰ ਚੱਲਣਾ ਚਾਹੀਦੈ। |
| **ਭਿਖਾਰੀ** | : | ਮੇਮ ਸਾਹਬ, ਜਾਂਦੇ ਜਾਂਦੇ ਮੈਨੂੰ ਦੋ ਰੁਪਏ ਜ਼ਰੂਰ ਦੇ ਜਾਉ, ਕੁੱਝ ਖਾ ਲਵਾਂ। ਭੁੱਖਾ ਢਿੱਡ ਹਾਏ.....। |
| **ਲੜਕੀ** | : | ਮਰ ਭੁੱਖਾ। |
| **ਖੋਜੀ** | : | ਸਾਰੇ ਭੁੱਖੇ ਨੇ, ਭੁੱਖ ਮਿਟਾਉਣ ਵਾਸਤੇ ਦੌੜੇ ਫਿਰਦੇ ਨੇ ਸਾਰੇ। |
| **ਲੜਕੀ** | : | ਤੁਸੀਂ ਫਿਰ ਆਪਣੀ ਕੈਸੇਟ ਪਲੇਅ ਕਰ ਦਿੱਤੀ ਏ, ਮੈਂ ਹੋਰ ਕੁੱਝ ਵੀ ਸੁਨਣਾ ਨਹੀਂ ਚਾਹੁੰਦੀ। |
| **ਭਿਖਾਰੀ** | : | ਪਰ ਮੈਂ ਸੁਨਣਾ ਚਾਹੁੰਦਾ ਵਾਂ। |
| **ਲੜਕੀ** | : | ਤੂੰ? ਕਾਹਦੇ ਲਈ? |
| **ਭਿਖਾਰੀ** | : | ਮੇਮ ਸਾਹਬ, ਐਸ ਬੰਦੇ ਦੀਆਂ ਗੱਲਾਂ ਸੁਣਿਆਂ ਮਨ ਹੋਰ ਪਾਸੇ ਲੱਗ ਜਾਂਦੈ ਤੇ ਆਪਣੀ ਭੁੱਖ ਦਾ ਖ਼ਿਆਲ ਭੁੱਲ ਜਾਂਦੈ। |
| **ਲੜਕੀ** | : | ਸੁਣੀ ਜਾ, ਬੇਸ਼ਰਮ ਕਿਸੇ ਥਾਂ ਦਾ। |
| **ਭਿਖਾਰੀ** | : | ਆਹੋ ਸਾਰੀ ਸ਼ਰਮ ਤੂੰ ਈ ਸਾਂਭ ਕੇ ਬੈਠੀ ਏਂ! |
| **ਲੜਕੀ** | : | ਤੂੰ ਵੀ ਚਾਲੂ ਹੋ ਗਿਐਂ? ਜੇ ਕੁੱਝ ਪੱਲੇ ਹੁੰਦਾ ਤਾਂ ਫਿਰ ਪਤਾ ਨਹੀਂ ਕੀ ਸਮਝਦਾ ਆਪਣੇ ਆਪ ਨੂੰ। |
| **ਭਿਖਾਰੀ** | : | (ਹੱਸ ਕੇ) ਅਪਾਹਜ! |
| **ਲੜਕੀ** | : | ਮੈਨੂੰ ਇਥੋਂ ਚਲਣਾ ਹੀ ਚਾਹੀਦੈ; ਸਵੇਰੇ ਸਵੇਰੇ ਮੂਡ ਅਪਸੈੱਟ ਕਰ ਦਿੱਤੈ।<br>(ਲੜਕੀ ਚਲੀ ਜਾਂਦੀ ਹੈ) |

**(ਚਲਦਾ)**

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਇਨ੍ਹਾਂ ਵਿਚੋਂ ਕਿਹੜੇ ਗੁਲਾਬ ਵੰਸ਼ ਦੇ ਸੁਲਤਾਨ ਦਾ ਸਬੰਧ ਇਲਬੇਰੀ ਕਬੀਲੇ ਨਾਲ ਨਹੀਂ ਸੀ?
   (ੳ) ਕੁਤਬਉਦੀਨ ਐਬਕ (ਅ) ਇਲਤੁਮਸ਼
   (ੲ) ਰਜ਼ੀਆ ਸੁਲਤਾਨ (ਸ) ਗਿਆਸਉਦੀਨ ਬਲਬਨ (ੳ)
2. ਹੇਠ ਲਿਖੇ ਭਗਤੀ ਲਹਿਰ ਦੇ ਸੰਤਾਂ ਵਿਚੋਂ ਕਿਸ ਨੇ 'ਵਿਨੇ ਪਤ੍ਰਿਕਾ' ਲਿਖੀ?
   (ੳ) ਤੁਲਸੀ ਦਾਸ (ਅ) ਸ਼ੰਕਰਦੇਵ
   (ੲ) ਨਾਮਦੇਵ (ਸ) ਤੁਕਾਰਾਮ (ੳ)
3. 1857 ਦੇ ਵਿਦਰੋਹ ਵਿਚ ਨਾਨਾ ਸਾਹਿਬ ਦਾ ਅਗਵਾਈ ਲੈਣ ਦਾ ਕਾਰਨ ਸੀ :
   (ੳ) ਉਹਦੇ ਪੇਸ਼ਵਾ ਬਨਣ ਦੇ ਦਾਅਵੇ ਨੂੰ ਖਤਮ ਕਰ ਦਿੱਤਾ ਗਿਆ
   (ਅ) ਬਰਤਾਨੀਆਂ ਨੇ ਉਸਨੂੰ ਉਹ ਪੈਨਸ਼ਨ ਦੇਣੀ ਬੰਦ ਕਰ ਦਿੱਤੀ ਜਿਹੜੀ ਪਹਿਲਾਂ ਉਸ ਦੇ ਪਿਤਾ ਬਾਜੀਰਾਓ ਦੂਸਰੇ ਨੂੰ ਦਿੱਤੀ ਜਾਂਦੀ ਸੀ
   (ੲ) ਬਰਤਾਨੀਆਂ ਨੇ ਇਹ ਕਹਿ ਕੇ ਉਹ ਬਾਜੀਰਾਓ ਦੂਸਰੇ ਦਾ ਸਕਾ ਪੁੱਤਰ ਨਹੀਂ ਉਸ ਨੂੰ ਜ਼ਲੀਲ ਕੀਤਾ
   (ਸ) ਉਸ ਦੀ ਮੰਗਲ ਪਾਂਡੇ ਨਾਲ ਮਿਤਰਤਾ (ਅ)
4. 1857 ਦੇ ਵਿਦਰੋਹ ਵਿਚ ਹੇਠ ਲਿਖਿਆਂ ਵਿਚੋਂ ਕਿਸ ਨੇ ਅਵੱਧ ਵਿਖੇ ਮਹੱਤਵਪੂਰਨ ਭੂਮਿਕਾ ਨਿਭਾਈ?
   (ੳ) ਨਾਨਾ ਸਾਹਿਬ ਪੇਸ਼ਵਾ (ਅ) ਤਾਂਤੀਆ ਤੋਪ
   (ੲ) ਬਿਰਜਸ ਕਾਦਰ (ਸ) ਬੇਗਮ ਹਜ਼ਰਤ ਮਹਲ (ਸ)
5. ਹੇਠ ਲਿਖਿਆਂ ਵਿਚੋਂ ਕਿਹੜਾ ਸੁਧਾਰ ਵਿਲਅਮ ਬੈਂਟਕ ਨੇ ਨਹੀਂ ਕੀਤਾ?
   (ੳ) ਗੁਲਾਮੀ ਦੀ ਪ੍ਰਥਾ ਦਾ ਖ਼ਾਤਮਾ (ਅ) ਸਤੀ ਪ੍ਰਥਾ ਦਾ ਖ਼ਾਤਮਾ
   (ੲ) ਠੱਗਾਂ ਦੀ ਸੰਗਠਿਤ ਜੁੰਡਲੀਆਂ ਦਾ ਖ਼ਾਤਮਾ
   (ਸ) ਧਰਮ ਪਰਿਵਰਤਨ ਕਾਰਨ ਹੋਈਆਂ ਅਯੋਗਤਾਵਾਂ ਦਾ ਹਟਾਉਣਾ (ੳ)
6. ਹੇਠ ਲਿਖਿਆਂ ਵਿਚੋਂ ਕਿਸ ਕ੍ਰਾਂਤੀਕਾਰੀ ਦੀ 64 ਦਿਨ ਦੇ ਵਰਤ ਤੋਂ ਬਾਅਦ ਲਾਹੌਰ ਜੇਲ੍ਹ ਵਿਚ 1929 ਵਿਚ ਮੌਤ ਹੋਈ?
   (ੳ) ਜਤਿਨ ਦਾਸ (ਅ) ਮਦਨ ਲਾਲ ਢੀਂਗਰਾ
   (ੲ) ਚੰਦਰ ਸ਼ੇਖਰ ਆਜ਼ਾਦ (ਸ) ਬਾਟੁਕੇਸ਼ਵਰ ਦੱਤ (ੳ)
7. ਹੇਠ ਲਿਖਿਆਂ ਵਿਚ ਕਿਸ ਨੇ ਮੁਸਲਿਮ ਲੀਗ ਦੇ ਪਾਕਿਸਤਾਨ ਦੇ ਮੱਤੇ ਤੋਂ ਪਹਿਲਾਂ ਅਖਾਉਤੀ ਦੋ-ਕੌਮਾਂ ਦੇ ਸਿਧਾਂਤ ਦਾ ਸੁਝਾਉ ਪੇਸ਼ ਨਹੀਂ ਕੀਤਾ?
   (ੳ) ਸਰ ਸਯਦ ਅਹਿਮਦ ਖਾਨ (ਅ) ਵੀਰ ਸਵਰਕਰ
   (ੲ) ਲਾਰਡ ਕਰਜ਼ਨ (ਸ) ਮੁਹੰਮਦ ਇਕਬਾਲ (ੳ)
8. ਹੇਠ ਲਿਖਿਆਂ ਵਿਚੋਂ ਕਿਸ ਭਾਰਤੀ ਕ੍ਰਾਂਤੀਕਾਰੀ ਨੇ 'ਭਾਰਤ ਦੀ ਆਜ਼ਾਦੀ ਦੀ ਜੰਗ' ਦੀ ਪੁਸਤਕ ਲਿਖੀ?
   (ੳ) ਵਿਨਾਇਕ ਸਵਰਕਰ (ਅ) ਬਿਪਿਨ ਚੰਦਰ ਪਾਲ
   (ੲ) ਮਦਨ ਲਾਲ ਢੀਂਗਰਾ (ਸ) ਭਗਤ ਸਿੰਘ (ੳ)
9. ਪੂਰਵ-ਸੁਧਾਰ ਆਰਥਿਕ ਨੀਤੀ (1947-1991) ਦੀ ਵਿਸ਼ੇਸ਼ਤਾ ਸੀ :
   (ੳ) ਭਾਰੀ ਉਦਯੋਗ 'ਤੇ (ਲਗਭਗ ਸਰਕਾਰੀ ਏਕਾਧਕਾਰ
   (ਅ) ਗੈਰ-ਸਰਕਾਰੀ ਆਯੋਗਾਂ 'ਤੇ (ਕਰੜੀ) ਨਿਵੇਸ਼ ਲਾਇਸੰਸੀ ਵਿਵਸਥਾ
   (ੲ) ਆਯਾਤ ਪ੍ਰਤਿਸਥਾਨਕ ਅਤੇ ਨਿਰਯਾਤ ਪ੍ਰੋਤਸਾਹਨ
   (ਸ) ਉਪਰਲੇ ਸਾਰੇ ਹੀ (ਸ)
10. ਬੈਂਕਾਂ ਦਾ ਰਾਸ਼ਟਰੀਕਰਨ ਕੀਤਾ ਗਿਆ :
   (ੳ) 'ਬਿਨਾਂ ਬੈਂਕਾਂ'/'ਘੱਟ-ਬੈਂਕਾਂ' ਦੇ ਖੇਤਰ ਵਿਚ ਵਧੇਰੇ ਪ੍ਰਵੇਸ਼ ਨੂੰ ਯਕੀਨੀ ਬਨਾਉਣ ਲਈ
   (ਅ) 'ਅਪਹੁੰਚ' ਲਈ 'ਪਹੁੰਚ' ਨੂੰ ਯਕੀਨੀ ਬਨਾਉਣ ਲਈ
   (ੲ) ਉਪਰਲੇ ਦੋਵੇਂ ਕਥਨ ਸਹੀ ਹਨ (ਹ) ਉਪਰਲੇ ਦੋਵੇਂ ਕਥਨ ਗਲਤ ਹਨ (ੲ)

ਸਿਹਤ ਸੰਭਾਲ

# ਬੱਚਿਆਂ ਅਤੇ ਨੌਜਵਾਨਾਂ ਲਈ ਸਿਹਤਮੰਦ ਖ਼ੁਰਾਕ ਅਤੇ ਕਸਰਤ ਦੀ ਮਹੱਤਤਾ

ਨਵਪ੍ਰੀਤ ਕੌਰ



ਪੌਸ਼ਟਿਕ ਖ਼ੁਰਾਕ ਅਤੇ ਕਸਰਤ ਬੱਚਿਆਂ ਅਤੇ ਨੌਜਵਾਨਾਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਬਹੁਤ ਜ਼ਰੂਰੀ ਹੈ। ਇਸ ਉਮਰ ਦੀ ਖ਼ੁਰਾਕ ਵਿਚ ਹਰ ਤਰ੍ਹਾਂ ਦਾ ਭੋਜਨ ਸ਼ਾਮਲ ਕਰਨ ਨਾਲ ਸਰੀਰਕ ਵਿਕਾਸ ਲਈ ਸਾਰੇ ਜ਼ਰੂਰੀ ਤੱਤਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸ ਨਾਲ ਜੀਵਨ ਭਰ ਸਿਹਤਮੰਦ ਭੋਜਨ ਖਾਣ ਦੀ ਆਦਤ ਦੀ ਸ਼ੁਰੂਆਤ ਵੀ ਹੁੰਦੀ ਹੈ।

**ਸਿਹਤਮੰਦ ਬਚਪਨ ਅਤੇ ਸੰਪੂਰਨ ਵਿਕਾਸ ਲਈ ਖ਼ੁਰਾਕ**

*ਸਬਜ਼ੀਆਂ, ਫਲ ਅਤੇ ਦਾਲਾਂ

* ਅਨਾਜ ਅਤੇ ਚੌਲ, ਹੋ ਸਕੇ ਤਾਂ ਸਾਬਤ ਅਨਾਜ

*ਮੀਟ, ਮੱਛੀ, ਆਂਡੇ ਜਾਂ ਟੋਫੂ

*ਦੁੱਧ ਅਤੇ ਦੁੱਧ ਉਤਪਾਦ, ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਘੱਟ ਫੈਟ ਦੇ ਦੁੱਧ ਉਤਪਾਦ ਨਹੀਂ ਦੇਣੇ ਚਾਹੀਦੇ ਕਿਉਂਕਿ ਇਸ ਉਮਰ ਵਿਚ ਬੱਚੇ ਸਰੀਰਕ ਤੌਰ 'ਤੇ ਬਹੁਤ ਸਰਗਰਮ ਹੁੰਦੇ ਹਨ ਅਤੇ ਉਹਨਾਂ ਨੂੰ ਊਰਜਾ ਦੀ ਪ੍ਰਾਪਤੀ ਆਮ ਤੌਰ 'ਤੇ ਦੁੱਧ ਤੋਂ ਹੀ ਹੁੰਦੀ ਹੈ।

**ਧਿਆਨ ਰੱਖਣ ਯੋਗ ਗੱਲਾਂ**

*ਜ਼ਿਆਦਾ ਮੱਖਣ, ਘਿਉ ਤੋਂ ਪਰਹੇਜ਼ ਕਰੋ।

*ਨਮਕ ਦਾ ਉਪਯੋਗ ਘੱਟ ਕਰੋ।

*ਖੰਡ ਜਾਂ ਮਿੱਠੇ ਪਦਾਰਥਾਂ ਦੀ ਆਦਤ ਤੋਂ ਬਚਾਉ।

*ਪੀਣ ਲਈ ਸਾਦਾ ਪਾਣੀ ਹੀ ਸਭ ਤੋਂ ਉੱਤਮ ਹੈ।

*ਭੋਜਨ ਅਤੇ ਨਾਸ਼ਤਾ ਸਮੇਂ ਸਿਰ ਹੀ ਖਾਣ ਦੀ ਆਦਤ ਪਾਉ।

*ਬੱਚਿਆਂ ਨੂੰ ਭੋਜਨ ਉਨ੍ਹਾਂ ਦੀ ਭੁੱਖ ਮੁਤਾਬਕ ਹੀ ਖਾਣ ਦਿਉ।

**ਕਸਰਤ ਦਾ ਸਰੀਰਕ ਵਿਕਾਸ ਵਿਚ ਯੋਗਦਾਨ**

ਸਰੀਰਕ ਗਤੀਵਿਧੀ ਜਾਂ ਕਸਰਤ ਵੀ ਬੱਚਿਆਂ ਦੇ ਸਰੀਰਕ ਵਿਕਾਸ ਲਈ ਉਨ੍ਹੀਂ ਹੀ ਮਹੱਤਵਪੂਰਨ ਹੈ ਜਿੰਨੀ ਕਿ ਪੌਸ਼ਟਿਕ ਖ਼ੁਰਾਕ। ਬੱਚਿਆਂ ਅਤੇ ਨੌਜਵਾਨਾਂ ਨੂੰ ਹਰ ਰੋਜ਼ ਕਿਸੇ ਸਰੀਰਕ ਜਾਂ ਖੇਡ ਗਤੀਵਿਧੀ ਵਿਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਛੋਟੀ ਉਮਰ ਵਿਚ ਕਸਰਤ ਦੇ ਕੁਝ ਲਾਭ :

*ਦਿਲ ਅਤੇ ਫੇਫੜਿਆਂ ਦੀ ਤੰਦਰੁਸਤੀ

*ਸਿਹਤਮੰਦ ਭਾਰ ਸਥਿਰ ਹੋਣਾ

*ਸਹੀ ਸਰੀਰਕ ਮੁਦਰਾ ਦੀ ਦਿਖ

*ਵਧੀਆ ਨੀਂਦ ਆਉਣਾ

*ਆਤਮਵਿਸ਼ਵਾਸ ਵਿਚ ਵਾਧਾ

*ਇਕਾਗਰਤਾ ਦੀ ਪ੍ਰਾਪਤੀ

*ਹੱਡੀਆਂ ਅਤੇ ਮਾਸ਼ਪੇਸ਼ੀਆਂ ਦੀ ਮਜ਼ਬੂਤ ਬਣਤਰ

*ਸਰੀਰਕ ਸੰਤੁਲਨ ਵਿਚ ਸੁਧਾਰ

*ਸਰੀਰ ਵਿਚ ਲਚਕੀਲਾਪਣ

* ਦੋਸਤ ਬਨਾਉਣ ਅਤੇ ਸਮਾਜਕ ਹੁਨਰ ਵਧਾਉਣ ਦਾ ਮੌਕਾ ਮਿਲਣਾ।

**ਕੁਝ ਸੁਝਾਅ**

*ਹਰ ਰੋਜ਼ ਘੱਟ ਤੋਂ ਘੱਟ 1 ਘੰਟਾ, ਪਰ ਸਿਹਤ ਦੇ ਜ਼ਿਆਦਾ ਫਾਇਦੇ ਲਈ ਕਈ ਘੰਟੇ, ਦਰਮਿਆਨੀ ਤੋਂ ਤੇਜ਼ ਤੀਬਰਤਾ ਦੀ ਸਰੀਰਕ

ਗਤੀਵਿਧੀ ਜ਼ਰੂਰੀ ਹੈ।



* ਦਿਲ ਦੀ ਧੜਕਣ ਵਧਾਉਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਜਿਨ੍ਹਾਂ ਵਿਚ ਕੁਝ ਤੇਜ਼ ਤੀਬਰਤਾ ਦੀਆਂ ਗਤੀਵਿਧੀਆਂ ਵੀ ਹੋਣੀਆਂ ਚਾਹੀਦੀਆਂ ਹਨ ਜਿਵੇਂ ਕਿ ਭੱਜਣਾ, ਤੈਰਨਾ, ਨੱਚਣਾ, ਸਾਈਕਲ ਚਲਾਉਣਾ, ਫੁਟਬਾਲ ਖੇਡਣਾ, ਪਤੰਗ ਉਡਾਉਣਾ, ਘਰ ਦੇ ਕੰਮ ਵਿਚ ਹੱਥ ਵੰਡਾਉਣਾ ਆਦਿ।

* ਹਫ਼ਤੇ ਵਿਚ ਘੱਟ ਤੋਂ ਘੱਟ ਤਿੰਨ ਦਿਨ ਕੁਝ ਗਤੀਵਿਧੀਆਂ ਕਰਨਾ ਜਿਨ੍ਹਾਂ ਨਾਲ ਮਾਸ਼ਪੇਸ਼ੀਆਂ ਅਤੇ ਹੱਡੀਆਂ ਨੂੰ ਮਜ਼ਬੂਤ ਬਣਾਇਆ ਜਾ ਸਕੇ ਜਿਵੇਂ ਕਿ : ਰੱਸੀ ਟੱਪਣਾ, ਜਿਮਨਾਸਟਿਕ ਕਰਨਾ, ਟੈਨਿਸ, ਬਾਸਕਟਬਾਲ, ਵਾਲੀਬਾਲ ਖੇਡਣਾ ਆਦਿ।

* ਬੱਚਿਆਂ ਲਈ ਟੀ.ਵੀ., ਕੰਪਿਊਟਰ ਆਦਿ ਦੇ ਸਾਹਮਣੇ ਬੈਠਣ ਦੇ ਸਮੇਂ ਦੀ ਸੀਮਾ ਦਿਨ ਵਿਚ ਵੱਧ ਤੋਂ ਵੱਧ ਦੋ ਘੰਟੇ ਹੋਣੀ ਚਾਹੀਦੀ ਹੈ।

* ਬੱਚੇ ਹਮੇਸ਼ਾ ਵੱਡਿਆਂ ਦੇ ਪਦ-ਚਿੰਨ੍ਹਾਂ 'ਤੇ ਚੱਲਣ ਦੀ ਕੋਸ਼ਿਸ਼ ਕਰਦੇ ਹਨ ਇਸ ਲਈ ਜ਼ਰੂਰੀ ਹੈ ਕਿ ਮਾਂ-ਬਾਪ ਆਪ ਵੀ ਸਰਗਰਮ ਜੀਵਨ-ਸ਼ੈਲੀ ਅਪਨਾ ਕੇ ਬੱਚਿਆਂ ਲਈ ਪ੍ਰੇਰਨਾ ਸਰੋਤ ਬਨਣ।

* ਹਫ਼ਤੇ ਵਿਚ ਕੁਝ ਦਿਨ ਪਰਿਵਾਰਕ ਤੌਰ 'ਤੇ ਸਾਂਝੀਆਂ ਗਤੀਵਿਧੀਆਂ ਕਰਨ ਦੀ ਕੋਸ਼ਿਸ਼ ਕਰੋ ਜਿਵੇਂ : ਕਿਸੇ ਪਾਰਕ ਵਿਚ ਜਾ ਕੇ ਪਰਿਵਾਰ ਸਮੇਤ ਕ੍ਰਿਕਟ, ਫੁਟਬਾਲ ਆਦਿ ਦੀ ਖੇਡ ਖੇਡਣਾ।

● ● ●

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਕਾਵਿ-ਕਿਆਰੀ

### (ਲਫ਼ਜ਼ਾਂ ਦੀ ਲੋਏ ਲੋਏ)

## ਬਿਰਧ ਆਸ਼ਰਮ/ਹਰਬਖ਼ਸ਼ ਸਿੰਘ ਟਾਹਲੀ



ਤੇ ਉਹਨੂੰ ਪਤਾ ਵੀ ਨਾ ਲੱਗਾ
ਕਦੋਂ ਜ਼ਿੰਦਗੀ ਦੇ ਕਦਮ ਭਰਦਾ
ਕਾਹਲੀ ਕਾਹਲੀ ਮੰਜ਼ਲ ਵਲ ਵਧਦਾ
ਉਹ ਬਿਰਧ ਆਸ਼ਰਮ ਦੇ ਗੇਟ ਮੋਹਰੇ
ਆ ਖੜ੍ਹਾ ਹੋਇਆ.....।
ਕੋਲੋਂ ਦੀ ਲੰਘਦੀ ਪੁੱਤਰ ਦੀ ਕਾਰ
ਜੋ ਉਹਦੇ ਦਫ਼ਤਰ ਵੱਲ ਨੂੰ ਜਾਂਦੀ ਸੀ
ਦੇਖ ਕੇ ਅਨੋਖਾ ਦਰਦ ਉੱਠਿਆ
ਜੋ ਉਸ ਨੂੰ ਸਾਲਾਂ ਪਿੱਛੇ ਲੈ ਗਿਆ।
ਜਦੋਂ ਉਹਦਾ ਪੁੱਤਰ ਜਨਮਿਆ ਸੀ
ਤਾਂ ਉਸ ਦਾ ਘਰ ਰੌਸ਼ਨੀ ਨਾਲ ਭਰ ਗਿਆ ਸੀ
ਜ਼ਿੰਦਗੀ ਦੇ ਕਈ ਵਰ੍ਹੇ ਲਗਾ ਦਿੱਤੇ ਸਨ
ਉਸ ਨੇ ਉਸ ਦੇ ਨਾਮ
ਤੇ ਉਹ ਜਵਾਨੀ ਚੜ੍ਹ ਗਿਆ ਸੀ
ਪਰ ਉਸ ਦੀ ਜਵਾਨੀ ਬੀਤ ਗਈ ਸੀ
ਤੇ ਫਿਰ ਵੰਸ਼ ਨੂੰ ਤੋਰਨ ਲਈ
ਉਸ ਦੀ ਕੀਤੀ ਸੀ ਸ਼ਾਦੀ
ਚਾਈਂ ਚਾਈਂ ਖੁਸ਼ੀਆਂ ਭਰੇ ਮਾਹੌਲ ਵਿਚ
ਵੰਸ਼ ਅੱਗੇ ਵੱਧ ਚੁੱਕਾ ਸੀ
ਏਨਾ ਅੱਗੇ ਕਿ ਉਸ ਦੀ ਪਹਿਚਾਣ
ਉਸ ਵੰਸ਼ ਨੂੰ ਭੁੱਲਦੀ ਜਾਂਦੀ ਸੀ।
ਤੇ ਫਿਰ ਉਹੋ ਸਵਾਰਥੀ ਸ਼ਬਦਾਂ ਦਾ ਘੇਰਾ
ਜਨਰੇਸ਼ਨ ਗੈਪ, ਮਾਡਰਨ ਅਤੇ ਪੁਰਾਣੇ ਵਿਚਾਰ
ਘਰ ਦੀ ਆਈ ਨੌਂਹ ਬੇਟੀ ਨਾ ਬਣ ਸਕੀ
ਤੇ ਉਹ ਮਾਡਰਨ ਨੌਂਹ ਨੇ ਸੋਚੀਆਂ ਤਕਰੀਬਾਂ
ਘਰ ਦੇ ਮਾਲਕ ਨੂੰ ਘਰੋਂ ਬਾਹਰ ਕੱਢਣ ਦੀਆਂ
ਸਾਰੀ ਉਮਰ ਨਾਮ ਕਰ ਚੁੱਕਾ ਸੀ ਪੁੱਤਰ ਦੇ
ਤੇ ਇਕ ਦਿਨ ਨੌਂਹ ਨੇ ਲਗਾਇਆ
ਉਸ ਉਮਰ ਵਿਹਾ ਚੁੱਕੇ ਘਰ ਦੇ ਸਵਾਮੀ 'ਤੇ
ਐਸਾ ਦੋਸ਼ ਕਿ ਉਹ ਕਰ ਨਾ ਸਕਿਆ
ਆਪਣੇ ਆਪ ਨੂੰ ਨਿਰਦੋ! ਆਪਣੀ ਔਲਾਦ ਦੇ ਸਾਹਮਣੇ
ਯਾਦ ਆਇਆ ਆਪਣਾ ਕੋਈ ਮਿੱਤਰ
ਤੇ ਤੁਰ ਪਿਆ ਜੀ.ਟੀ. ਰੋਡ ਦੇ ਪਿਛਵਾੜੇ
ਹੁਣੇ ਹੁਣੇ ਬਣੇ ਬਿਰਧ ਆਸ਼ਰਮ ਵੱਲ
ਪੁੱਤਰ ਦੀ ਕਾਰ ਕੋਲੋਂ ਦੀ ਲੰਘ ਗਈ ਸੀ
ਤੇ ਬਿਰਧ ਆਸ਼ਰਮ ਵਿਚੋਂ ਨਿਕਲਿਆ
ਉਸ ਦਾ ਉਹੋ ਪੁਰਾਣਾ ਮਿੱਤਰ
ਜਿਹੜਾ ਬਿਰਧ ਆਸ਼ਰਮ ਦੇ ਦਫ਼ਤਰ ਵਿਚ
ਆਪਣੇ ਵਾਂਗ ਉਸ ਦਾ ਵੀ ਨਾਮ
ਰਜਿਸਟਰਡ ਕਰਵਾਏਗਾ.....।

*****

## ਕਵਿਤਾ ਅਕਵਿਤਾ/ ਬੇਰੀ

**ਸੁਰਿੰਦਰ ਮਕਸੂਦਪੁਰੀ**



ਏਨਾ ਨਿਰਮੋਹਾ/ਬਦਰੂਹਾ ਜਿਹਾ
ਕਿਉਂ ਹੋ ਗਿਐਂ ਭੈੜਿਆ
ਆਖ਼ਰ ਮੈਂ ਤੇਰੇ ਵੱਡੇ-ਵਡੇਰਿਆਂ
ਪੁਰਖਿਆਂ/ਪਰਿਜਨਾ
ਦੇ ਮੁਕੱਦਸ ਹੱਥੋਂ ਲਗਾਈ
ਖੁਸ਼ੀਆਂ-ਖੇੜੇ ਵੰਡਦੀ
ਹਾਂ ਤੇਰੇ ਘਰ ਦੀ ਸ਼ਾਨ
ਗਲੀ ਮੁਹੱਲੇ ਦਾ ਮਾਣ
ਫ਼ਲਦਾਰ-ਛਾਂਦਾਰ
ਹਰੀ-ਭਰੀ ਬੇਰੀ

ਸ਼ਾਇਦ ਮੇਰੇ ਬਦਨ 'ਤੇ ਉੱਗੇ ਕੰਡੇ
ਤੇਰੇ ਮਨ ਦੀ ਸ਼ਾਂਤੀ ਭੰਗ ਕਰਦੇ ਹੋਣਗੇ
ਮੇਰੇ ਬੇਰਾਂ ਦਾ ਟੁੱਕਰ ਖਾਂਦੇ ਕਾਂ/ਤੋਤੇ
ਤੇਰੇ ਰਾਹਾਂ ਦੇ ਰੋੜੇ ਬਣਦੇ ਹੋਣਗੇ
ਪਰ ਤੈਨੂੰ ਪਤੈ
ਕੰਡਿਆਲੇ ਰਾਹ-ਰਸਤੇ ਹੀ ਹਮੇਸ਼ਾਂ
ਮੰਜ਼ਿਲੇ-ਮੁਕਾਮ ਦਾ ਹਾਸਿਲ ਬਣਦੇ ਹਨ
ਤੇ ਬੁਲੰਦੀਆਂ ਦੇ ਸਿਰਨਾਵੇਂ ਰਚਦੇ ਹਨ

ਤੂੰ ਵੇਖਿਆ ਹੋਵੇਗਾ
ਮੇਰੀ ਟੀਸੀ ਦੇ ਬੇਰ ਵੇਖ ਲਲਚਾਉਂਦੇ
ਤੇਰੀ ਗਲੀ 'ਚੋਂ ਗੁਜ਼ਰ ਜਾਂਦੇ ਨੇ ਕੁਝ ਲੋਕ
ਤੇ ਕੁਝ ਆ ਬੈਠਦੇ ਨੇ
ਮੇਰੀ ਠੰਢੜੀ-ਮਿੱਠੜੀ ਛਾਵੇਂ
ਸ਼ਾਇਦ ਤੇਰੇ ਸੰਗ ਸੰਵਾਦ ਰਚਾਉਣ
ਪਰ ਤੂੰ ਕਿ ਜਿਸ ਨੂੰ ਭਾਉਂਦਾ ਨਹੀਂ
ਉਹਨਾਂ ਦਾ ਏਥੇ ਆਉਣ

ਮੈਨੂੰ ਪਤੈ
ਤੂੰ ਮੇਰੇ ਮਿੱਠੜੇ ਸੁਨਹਿਰੀ ਬੇਰਾਂ
ਠੰਢੀਆਂ ਛਾਵਾਂ ਨੂੰ ਮਾਣ
ਮੈਨੂੰ ਕੰਡਿਆਲੀ ਕਹਿ
ਨਕਾਰਦਾ ਏਂ ਅਕਸਰ
ਤੇ ਕੱਟਣ-ਵੱਢਣ
ਛਾਂਗਣ ਨੂੰ ਫਿਰਦੈਂ ਮੇਰੀ ਹੋਂਦ
ਮੇਰੀ ਵਫ਼ਾ ਨੂੰ ਸਮਝ
ਪਰਖ ਤੇ ਪਛਾਣ ਐ ਪਿਆਰੇ
ਮਨੁੱਖ ਨਹੀਂ ਕਿ ਬੇਵਫ਼ਾ ਹੋ ਜਾਵਾਂ
ਬਿਨ ਦੱਸੇ, ਬਿਨ ਕਾਰਨ ਖ਼ਫ਼ਾ ਹੋ ਜਾਵਾਂ

ਤੂੰ ਜਾਣੇ ਨਾ ਜਾਣੇ 'ਮਕਸੂਦਪੁਰੀ'
ਤੇਰੇ ਸਾਹਾਂ ਦੀ ਸਾਥਣ ਨੂੰ
ਸੋਹਣੀ ਢਲਦੀ ਆਥਣ ਨੂੰ
ਤੇਰੀ ਅਪਣੱਤ ਦਾ ਅਹਿਸਾਸ ਹੈ
ਰੱਬ ਵਰਗਾ ਵਿਸ਼ਵਾਸ ਹੈ
ਅਫ਼ਸੋਸ ਏ
ਕਿ ਮੈਂ ਉਹ ਪਾਕ-ਪਵਿੱਤਰ
'ਦੁੱਖ ਭੰਜਨੀ ਬੇਰੀ' ਨਹੀਂ
ਜੋ ਤੇਰੇ ਦੁਨਿਆਵੀ ਦੁੱਖ ਹਰ ਸਕਦੀ
ਜੋ ਤੇਰੇ ਰਾਹਾਂ ਦੇ ਕੰਡੇ ਫੜ ਸਕਦੀ!

-234, **ਸੁਦਰਸ਼ਨ ਪਾਰਕ**,
**ਮਕਸੂਦਾਂ**, **ਜਲੰਧਰ**-144021,
**ਮੋ.** 99887-10234

*****

## ਕਵਿਤਾ/ ਧੀਆਂ ਬਚਾਓ

**ਰਤਨ ਟਾਹਲਵੀ**



ਧੀਆਂ ਨੂੰ ਬਚਾਓ,
ਲੋਕੋ ਇਹ ਨਾਅਰਾ ਲੈ ਕੇ ਜਾਵਾਂਗਾ।
ਧੀ ਪੜ੍ਹ ਗਈ ਸਭ ਹੀ ਪੜ੍ਹ ਗਏ
ਦੁਨੀਆਂ ਨੂੰ ਸਮਝਾਵਾਂਗਾ।

ਜਿਸ ਨੂੰ ਆਖੋ ਰੰਗਲੀ ਦੁਨੀਆ ਉਹ ਧੀਆਂ ਬਿਨ ਅਧੂਰੀ ਏ।
ਜੇਕਰ ਧੀਆਂ ਮਾਰੀ ਜਾਓਗੇ ਕਿਵੇਂ ਪਵੇਗੀ ਪੂਰੀ ਏ।
ਇਹ ਨਾ ਕਰਿਉ ਪਾਪ ਵੇ ਲੋਕੋ ਸੱਚੀ ਗੱਲ ਸੁਣਾਵਾਂਗਾ।
ਧੀਆਂ ਨੂੰ ਬਚਾਓ, ਲੋਕੋ ਇਹ ਨਾਅਰਾ ਲੈ ਕੇ ਜਾਵਾਂਗਾ।

ਧੀਆਂ ਵਰਗਾ ਪਿਆਰ ਨਾ ਲੋਕੋ ਪੁੱਤਰ ਕਦੇ ਨਹੀਂ ਕਰਦੇ।
ਚੱਪੇ ਚੱਪੇ ਜਿਮੀਂ ਦੀ ਖ਼ਾਤਰ ਪੁੱਤਰ ਰਹਿੰਦੇ ਲੜਦੇ।
ਪੁੱਤ ਬਰਾਬਰ ਧੀਆਂ ਮੰਨਣਾ ਇਹੋ ਕਸਮ ਮੈਂ ਖਾਵਾਂਗਾ।
ਧੀਆਂ ਨੂੰ ਬਚਾਓ ਲੋਕੋ ਇਹ ਨਾਅਰਾ ਲੈ ਕੇ ਜਾਵਾਂਗਾ।

ਸੁਨੀਤਾ ਵਿਲੀਅਮ, ਕਲਪਨਾ ਚਾਵਲਾ ਚੰਨ ਤੱਕ ਪਹੁੰਚੀ ਨਾਰੀ।
ਕਈ ਡਾਕਟਰ ਕਈ ਜੱਜ ਨੇ ਬਣੀਆਂ ਮਿਹਨਤ ਕਰਕੇ ਭਾਰੀ।
ਇਨ੍ਹਾਂ ਦੀ ਮਿਹਨਤ ਅੱਗੇ ਮੈਂ ਤਾਂ ਆਪਣਾ ਸੀਸ ਝੁਕਾਵਾਂਗਾ।
ਧੀਆਂ ਨੂੰ ਬਚਾਓ, ਲੋਕੋ ਇਹ ਨਾਅਰਾ ਲੈ ਕੇ ਜਾਵਾਂਗਾ।

ਰਤਨ ਵਰਿੰਦਰ ਦਾ ਨਾਅਰਾ ਏ ਧੀਆਂ ਨੂੰ ਕਰੋ ਪਿਆਰ।
ਚਿੜੀਆਂ ਦੇ ਚੰਬੇ ਨੂੰ ਦੇਵੋ ਤਨੋ ਮਨੋ ਸਤਿਕਾਰ।
ਟਾਹਲੀ ਵਾਲੇ ਰਤਨ ਵਰਿੰਦਰ ਕਿੰਜ ਮੈਂ ਵੰਸ਼ ਵਧਾਵਾਂਗਾ।
ਧੀਆਂ ਨੂੰ ਬਚਾਓ, ਲੋਕੋ ਇਹ ਨਾਅਰਾ ਲੈ ਕੇ ਜਾਵਾਂਗਾ।
ਧੀ ਪੜ੍ਹ ਗਈ ਸਭ ਹੀ ਪੜ੍ਹ ਗਏ ਦੁਨੀਆਂ ਨੂੰ ਸਮਝਾਵਾਂਗਾ।

## ਸ਼ਬਦਾਂ ਦੇ ਸੰਜੋਗ

* ਜੇ ਮਨੁੱਖ ਆਪਣੇ ਅੰਦਰ ਸ਼ੱਕ ਦੀ ਹੋਂਦ ਨਾ ਬਣਨ ਦੇਵੇ ਤਾਂ ਉਸ ਨੂੰ ਸਮਾਜ ਦੇ ਕਿਸੇ ਵੀ ਮਨੁੱਖ ਉੱਤੇ ਕੋਈ ਗਿਲਾ ਨਹੀਂ ਹੋਵੇਗਾ।
* ਧਿਆਨ ਲਗਾਉਣ ਨਾਲ ਮਨੁੱਖ ਦੇ ਅੰਦਰ ਦਾ ਇਸ਼ਨਾਨ ਹੁੰਦਾ ਹੈ ਅਤੇ ਉਹ ਪ੍ਰਮਾਤਮਾ ਦੇ ਨਿਵਾਸ ਲਈ ਇਕ ਸਵੱਛ ਜਗ੍ਹਾ ਪੈਦਾ ਕਰ ਲੈਂਦਾ ਹੈ।
* ਜਿਹੜੇ ਕਹਿੰਦੇ ਹਨ ਕਿ ਅਸੀਂ ਤੇਰੇ ਬਿਨਾਂ ਜੀ ਨਹੀਂ ਸਕਦੇ ਉਹ ਵੀ ਅਕਸਰ ਆਪਣੀ ਪੂਰੀ ਉਮਰ ਭੋਗ ਕੇ ਹੀ ਮਰਦੇ ਹਨ।
* ਸੱਚ ਬੜਾ ਭੋਲਾ ਹੁੰਦਾ ਹੈ ਕਿਉਂਕਿ ਉਸ ਦੇ ਕੋਲ ਸਾਬਤ ਕਰਨ ਲਈ ਕੁਝ ਨਹੀਂ ਹੁੰਦਾ ਅਤੇ ਉਹ ਵਿਉਂਤਬੰਦੀ ਦੀ ਭਾਸ਼ਾ ਨਹੀਂ ਜਾਣਦਾ।
* ਉਹ ਮੌਕਾ ਦੁਬਾਰਾ ਕਦੇ ਨਸੀਬ ਨਹੀਂ ਹੁੰਦਾ ਜਿਹੜਾ ਚੜ੍ਹਦੀ ਉਮਰ ਵਿਚ ਮਹਿਬੂਬ ਦੀਆਂ ਅੱਖਾਂ ਵਿਚੋਂ ਦਿਖਾਈ ਦਿੰਦਾ ਹੈ।
* ਕਈ ਲੋਕ ਸੁਭਾਵਿਕ ਚੰਗੇ ਹੁੰਦੇ ਹਨ ਅਤੇ ਕਈ ਲੋਕ ਸੁਭਾਵਿਕ ਮਾੜੇ ਹੁੰਦੇ ਹਨ ਪਰ ਜੀਵਨ ਵਿਚ ਵਾਪਰਦਾ ਕੋਈ ਹਾਦਸਾ ਦੋਹਾਂ ਵਿਚ ਤਬਦੀਲੀ ਲਿਆ ਸਕਦਾ ਹੈ।
* ਕਲਪਨਾ ਦੀਆਂ ਉਡਾਰੀਆਂ ਮਾਰਨ ਦੇ ਬਾਅਦ ਜੇ ਕਿਤੇ ਅਫੁਰ ਅਵਸਥਾ ਦੀ ਪ੍ਰਾਪਤੀ ਹੋ ਜਾਵੇ ਤਾਂ ਚੇਤਨਤਾ ਦਾ ਸਾਰਾ ਵਜੂਦ ਪ੍ਰਗਟ ਹੋ ਜਾਂਦਾ ਹੈ।
* ਜ਼ਿੰਦਗੀ ਉਹੋ ਹੀ ਪ੍ਰਵਾਨ ਚੜ੍ਹਦੀ ਹੈ ਜੋ ਚੜ੍ਹਦੇ ਸੂਰਜ ਵਾਂਗ ਚਮਕਦੀ ਹੋਈ ਆਵੇ ਅਤੇ ਫਿਰ ਚੰਦਰਮਾ ਵਾਂਗ ਸ਼ਾਂਤ ਹੋ ਜਾਵੇ।
* ਜਦੋਂ ਸਭ ਕੁਝ ਭੁੱਲ ਜਾਂਦਾ ਹੈ ਉਦੋਂ ਜੋ ਬਚਦਾ ਹੈ ਉਹ ਸਾਡਾ ਆਪਣਾ ਵਜੂਦ ਹੁੰਦਾ ਹੈ।
* ਸਾਧਾਰਨਤਾ ਦੀ ਸਮਝ ਆ ਜਾਣੀ ਹੀ ਅਸਲੀ ਸਮਝ ਹੈ।

# वातावरण में बढ़ता शोर

अमनदीप सिंह



इंसान की बनाई मशीनें, मोटर-वाहन, रेलगाड़ियां, हवाई जहाज और निर्माण कार्य में विस्फोटकों के इस्तेमाल से असहनीय ध्वनियां वातावरण में फैलती है और इनको रोकने का प्रयास भी निरर्थक-सा जान पड़ता है। कहीं त्योहार के बहाने, घर में किसी खुशी को साझा करने, कोई भी जश्न मनाने की आड़ में हम कान फोड़ू संगीत और पटाखों के चलाने में ज़रा भी नहीं हिचकिचाते। दीवाली पर तो इतनी आतिशबाजियां छोड़ी जाती है, जो कि वायु के साथ-साथ ध्वनि प्रदूषण की सीमा भी पार कर जाती है। विशेषज्ञ मानते हैं, कि नब्बे डेसीमल से अधिक शोर हमारे सुनने की क्षमता को छीन सकता है। इससे हमारी नींद भी प्रभावित होती है और हम मानसिक रोग के शिकार भी हो सकते है। अस्पतालों एवं स्कूलों के सामने इस तरह के शोर की पूरी पांबदी होती है। फिर भी लोग नियमों का उल्लंघन करते है। कई हृदय के रोगियों को ऐसे में अपने प्राणों से हाथ धोना पड़ा है। तनाव भरी जिंदगी में अत्याधिक शोर में हानि पहुँचा रहा है, फिर भी हम इसे अनदेखा कर रहे हैं। सरकार का इस दिशा में कठोर कदम उठाने चाहिए। शोर करने वालों के खिलाफ कड़ी कार्यवाही होनी चाहिए। ध्वनि प्रदूषण रोकना बहुत आवश्यक है।

# जीवन में शिक्षा का महत्त्व

करनजोत सिंह

इस प्रतियोगी संसार में सभी के लिए शिक्षा का बहुत महत्त्व है। यह आत्मविश्वास को विकसित करती है। बेहतर शिक्षा सभी के लिए जीवन में आगे बढ़ने और सफलता प्राप्त करने के लिए बहुत आवश्यक है। हमारी अच्छी और बुरी शिक्षा यह निर्धारित करती है कि हम भविष्य में किस प्रकार के व्यक्ति बनेगें। यह हमारे ज्ञान के स्तर, तकनीकी कौशल और नौकरी में उच्च पद को प्राप्त करने के द्वारा हमें सामाजिक, मानसिक और बौद्धिक रूप से मजबूत बनाती है। हर बच्चा अपने जीवन में सपना देखता है, जिसे शिक्षा के माध्यम से प्राप्त किया जा सकता है। शिक्षा एक ऐसा यंत्र है, जो हम सभी को जीवन भर लाभान्वित करता है। जीवन में कुछ अलग करने और सफलता प्राप्त करने के लिए इसका बहुत महत्त्व होता है। यह जीवन में बहुत मदद करती है और जीवन में बहुत सी चुनौतियों का सामना करने के पाठ पढ़ाती है। यह मनुष्य को आत्मर्निभर बनाती है। यह जीवन में विभिन्न और बेहतर संभावनाओं के प्राप्त करने के लिए विभिन्न दरवाजे खोलती है। जिससे कैरियर के विकास में बढ़ावा मिलता है। यह देश के विकास में ओर बढ़ावा करती है। शिक्षा स्त्री और पुरूष दोनों के लिए समान रूप से आवश्यक है, क्योंकि दोनों मिलकर ही स्वास्थ्य और शिक्षित समाज का निर्माण करते है। आधुनिक तकनीकी संसार में शिक्षा मुख्य भूमिका को निभाती है। शिक्षा लोगों के मस्तिष्क को बड़े स्तर पर विकसित करती है। समाज में लोगों के बीच सभी भेदभावों को हटाने में मदद करती है। यह हमें जीवन के हर पहलू को समझाने के लिए सूझ-बूझ को विकसित करती है। यह सभी मानव अधिकारों, सामाजिक अधिकारों, देश के प्रति कर्त्तव्यों और दायित्वों को समझने में मदद करती है। यह मनुष्य के जीवन के हर पहलू का विकास होता है। यह असमानता को हटाने में पूरी तरह सक्षम है। शिक्षा एक ऐसा उपकरण है, जो जीवन समान ओर राष्ट्र में सभी असंभव स्थितियों को संभव बनाती है।

अंत में मैं आपको यही कहना चाहता हूँ कि अगर शिक्षा का इतना महत्त्व है तो आप मन लगाकर पढ़ाई करें और माता-पिता का नाम रोशन करें।

# APPLICATION ARE INVITED UP TO 31-10-2023 FROM ELIGIBLE CANDIDATES

Application Regd. No.__________

# BABA MAKHAN SHAH LOBANA FOUNDATION (REGD.)

**Sector-30-A, Chandigarh-160030 Phone: - 0172-2657340**

Affix Passport Size Photo

## APPLICATION FORM

**Merit, Merit Cum-Means Scholarship for**
**Academic Year-202___**

1. Name of Applicant________________________________________________________
   (In Block Letters)
2. i) Father's Name:- ______________________________________________________________
   ii) Mother's Name: - ________________________________________________________
   ii) Occupation ____________________________________________
3. Caste ____________________________________________________
4. Address for Correspondence :- Village :- ____________________ Post office :- ________________________
   Police Station:-____________________ Tehsil :-____________________________________
   Distt-:-____________________ Pin Code: __________________
5. Permanent Address :-_________________________________________________________________________
   Contact No. - Mobile: ________________________ STD Code: - ____________Landline No.______________
   E-mail-______________________________________________________________
6. Class in which studying__________________________________________________
7. Past performance and merit in the school/board/ university:

| Class | Board/University | Year of Passing | % (Percentage) | Remarks |
|---|---|---|---|---|
| | | | | Indicate Board/University Examination (Attach Mark Sheet) |
| | | | | Indicate Board/University Examination only (Attach Mark Sheet) |
| | | | | For Merit Scholarship only. (85% and above marks) |

8. Were you granted scholarship last year : Yes/No

If Yes, Amount of Scholarship received (last year) _____________ Class ___________

9. i) Annual income of Parents/ Guardians in Rs. _____________ p.a.

ii) Attach income certificate from the employer (mandatory)

iii) Land holding to be verified by revenue officer from his office record.

iv) Income verified by the Sarpanch and counter signed by BDPO/ Executive Committee Member of BMSL Chandigarh

10. Signatures a) Student: ____________________ dated __________

b) Father-Guardian ________________ dated __________

11. Name of the Bank_________________________________________ Place:-____________________

Account Holder's Name ______________________________________________________________

Bank Account No. ______________________________________IFSC Code: - ____________________

12. Identity Document: - Aadhaar Card/Election Card/Ration Card

Note: - List of documents to be attached with application:-

I) Self attested photocopy of mark sheet

ii) Self attested any other educational document, if any

13. Certificate of the Head of the institution :

Certified that the applicant is a regular student of class _____________ in this school/ college and particulars as shown above are correct

Place: - Signature _________________

Dated: - Name ____________________

Designation Stamp/Seal

1. Certify that the above facts stated are correct & true to my knowledge.

Recommended by the Executive Committee Member of the region with designation, address and Membership Number of BMSL, Chandigarh.

Official seal

Signature ___________________

Name in capital letters

## <u>FOR OFFICE USE ONLY</u>

i) Date of application received _________________________

ii) No. of enclosures with the application ________________

iii) Completion/ correctness of the applicant

Verified by Manger

iv) Signature of the Convener

**Manager** **Convener**

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਰਿਟ-ਕੰਮ ਮੀਨਜ ਸਕਾਲਰਸ਼ਿਪ ਸਕੀਮ ਦੇ ਨਿਯਮ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) , ਚੰਡੀਗੜ੍ਹ 1996 ਤੋਂ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਦਾਨ ਕਰ ਰਹੀ ਹੈ । ਫਾਉਂਡੇਸ਼ਨ ਦੀ ਸਲਾਨਾ ਆਮਦਨ ਦਾ 10 ਵਾਂ ਹਿੱਸਾ ਲੋਕ ਭਲਾਈ ਲਈ ਵਰਤਿਆ ਜਾਂਦਾ ਹੈ । ਇਸ ਦੇ ਨਾਲ-ਨਾਲ ਫਾਉਂਡੇਸ਼ਨ ਵਲੋਂ ਜਦੋਂ ਵੀ ਵਿਦਿਆਰਥੀ ਆਪਣੀ ਕੋਚਿੰਗ, ਟਰੇਨਿੰਗ ਅਤੇ ਸੈਮੀਨਾਰ ਲਈ ਚੰਡੀਗੜ੍ਹ ਆਉਂਦੇ ਹਨ, ਉਨ੍ਹਾਂ ਨੂੰ ਬਹੁਤ ਹੀ ਘੱਟ ਰੇਟ ਤੇ ਰਹਿਣ ਦੀ ਸੁਵਿਧਾ ਦਿੱਤੀ ਜਾਂਦੀ ਹੈ । ਵਰਤਮਾਨ ਸਮੇਂ ਵਿਚ ਹਰ ਸਾਲ ਲਗਪਗ 80 ਤੋਂ 90 ਵਿਦਿਆਰਥੀ ਫਾਊਂਡੇਸ਼ਨ ਵਲੋਂ ਦਿੱਤੀ ਜਾ ਰਹੀ ਇਸ ਸਹੂਲਤ ਦਾ ਲਾਭ ਲੈ ਰਹੇ ਹਨ ਜਿਸ ਦੇ ਵਿਚ ਪੇਂਡੂ ਇਲਾਕੇ ਦੇ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਂਦੀ ਹੈ ਅਤੇ ਕਿਸੇ ਵੀ ਜਾਤੀ ਧਰਮ ਦੇ ਵਿਦਿਆਰਥੀ ਨੂੰ ਇਹ ਲਾਭ ਦਿੱਤੇ ਜਾਂਦੇ ਹਨ ।

ਮੈਰਿਟ-ਕੰਮ-ਮੀਨਜ ਸਕਾਲਰਸ਼ਿਪ :- ਮੈਰਿਟ-ਕੰਮ-ਮੀਨਜ ਸਕਾਲਰਸ਼ਿਪ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਹਨ ਜਿਹੜੇ ਬੋਰਡ ਅਤੇ ਯੂਨੀਵਰਸਿਟੀ ਦੀ ਪ੍ਰੀਖੀਆ ਵਿਚ 75% ਅੰਕ ਪ੍ਰਾਪਤ ਕਰਦੇ ਹਨ । ਸਕਾਲਰਸ਼ਿਪ ਨੌਵੀਂ ਤੇ ਦੱਸਵੀਂ, ਗਿਆਰਵੀਂ, ਬਾਰ੍ਹਵੀਂ ਅਤੇ ਹਰ ਪ੍ਰਕਾਰ ਦੀ ਅਕਾਦਮਿਕ ਯੋਗਤਾ ਅਤੇ ਕਿੱਤਾ ਮੁੱਖੀ ਪੇਂਡੂ ਤੇ ਸ਼ਹਿਰੀ ਵਿਦਿਆਰਥੀਆਂ ਦੇ ਅਧਾਰ ਤੇ ਦਿੱਤੇ ਜਾਂਦੇ ਹਨ ।

ਮੈਰਿਟ ਕੰਮ ਮੀਨਜ ਸਕਾਲਰਸ਼ਿਪ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ ਜਿਹੜੇ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨ :-

ੳ) ਸਕਾਲਰਸ਼ਿਪ ਭਾਰਤ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਂਦੇ ਹਨ ।

ਅ) ਸਕਾਲਰਸ਼ਿਪ ਫਾਰਮ ਚੰਗੀ ਤਰ੍ਹਾ ਭਰ ਕੇ ਰਿਜਨਲ ਪ੍ਰਧਾਨਾਂ ਦੇ ਦਸਖਤਾਂ ਰਾਹੀਂ 31-10-2023 ਤੱਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਦਫਤਰ ਵਿਚ ਪਹੁੰਚ ਜਾਣੇ ਚਾਹੀਦੇ ਹਨ ।

ੲ) ਇਕ ਘਰ ਵਿਚ ਇਕ ਹੀ ਸਕਾਲਰਸ਼ਿਪ ਦਿੱਤਾ ਜਾਵੇਗਾ ਅਤੇ ਦੂਜੇ ਬੱਚੇ ਦੇ ਸਕਾਲਰਸ਼ਿਪ ਲਈ ਸਕਾਲਰਸ਼ਿਪ ਕਮੇਟੀ ਫੈਸਲਾ ਲਵੇਗੀ ।

ਸ) ਪੇਂਡੂ ਇਲਾਕੇ ਵਿਚ 70% ਅਤੇ ਸ਼ਹਿਰੀ ਇਲਾਕੇ ਵਿਚ 75% ਅੰਕ ਹੋਣ ਵਾਲੇ ਵਿਦਿਆਰਥੀ ਨੂੰ ਹੀ ਸਕਾਲਰਸ਼ਿਪ ਦਿੱਤਾ ਜਾਵੇਗਾ ।


ਹ) ਸਕਾਲਰਸ਼ਿਪ 12 ਮਹੀਨੇ ਲਈ ਦਿੱਤਾ ਜਾਂਦਾ ਹੈ ਜਿਵੇਂ ਕਿ ਬਾਰ੍ਹਵੀਂ ਤੱਕ ਅਪ੍ਰੈਲ ਤੋਂ ਲੈ ਕੇ ਮਾਰਚ ਤੱਕ ਅਤੇ ਬਾਕੀ ਜੁਲਾਈ ਤੋਂ ਲੈ ਕੇ ਜੂਨ ਤੱਕ ।

ਕ) ਹਰ ਸਾਲ ਧਿਆਨ ਨਾਲ ਨਵੇ ਫਾਰਮ ਭਰ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਦਫਤਰ ਵਿਚ ਜਮਾ ਕਰਵਾਏ ਜਾਣ।

# GRANT OF MERIT, MERIT-CUM-MEANS SCHOLARSHIP SCHEME 2023-24

| Sr No | Sub Sr. No. | Board Or University In Which Studying | Courses & Class | Min Pass % age | Annual Income Parents/ Guardian | No. of Scholarship | Amt. of Scholarship (In Rs.) (PM) |
|---|---|---|---|---|---|---|---|
| 1 | A | . | 9th & 10th (Based on the result of 8th Class) | 75 % | 3 Lac | 30 | Rs. 500/- |
| 2 | B | Matric (Board Exam) | 10+1 & 10+2, I.T.I., Nursing Certificate, Craft Certificate or equivalent | 75 % | 3 Lac | 30 | Rs. 500/- |
| | C | Senior Secondary | B.Sc/B.A/B.Com (I, II&III), B.C.A., B.B.A. (I, II&III), B.Sc Agriculture/Nursing, Poly Tech Diploma, B. Pharmacy, Nursing Diploma, Health care/Fashion Design / B.A. LLB 5 years, Finance/ Hotel management (Diploma) or equivalent | 75 % | 3 Lac | 20 | Rs. 600/- |
| | D | B.A./B.sc/ B.Com (University) | M.Sc.,MA/ M.Com (I&II), B.Ed, L.L.M, M.B.A., M.C.A., Hotel Mgt (Degree), P.G.D.C.A., Computer Sc. Programme, M Pharmacy, M.Ed, M.Sc Nursing | 75 % | 3 Lac | 10 | Rs. 1000/- |
| | E | Senior Secondary* (Board Exam) and subsequent semester | B.E. - (I to iV), IIT, BVSC, AH, BE/B.Tech, (I to IV), IIT, BDS, MBBS ,BAMS, BHMS, or selected in Entrance test | 75 % | 3 Lac | 10 | Rs. 1,500/- |
| | F | Graduation Degree * | M. Tech., I.I.M. * selected in entrance test of Professional courses. | 75 % | 3 Lac | 5 | Rs. 1,500/- |
| 3 | A | Misce-Laneous Compassion Basis | Wards of Soldiers died in War/ Insurgency against militancy and handicapped Parents/ Students (to be decided by the Committee). | --- | ----- | Lump Sum | Rs. 10,000/- |

# Science and Technology



Science and technology play vital roles in modern life and profoundly influence the course of human civilization. Technological advancement in modern life has provided us lots of remarkable insights all over the world. Scientific revolutions have taken their full speed from the 20th century and have become more advanced in the 21st century. We have entered the new century in new ways and with all the arrangements for people's well-being. Modern culture and civilization have become dependent on science and technologies as they have become an integral part of life according to the need and requirements of the people.

India has become an important source of creative and foundational scientific developments and approaches all across the world. All the great scientific discoveries and technological achievements in our country have improved the Indian economic status and have created many new ways for the new generations to grow in the technologically advanced environment. There are many new scientific types of research and development have been possible in the field of Mathematics, Architecture, Chemistry, Astronomy, Medicine, Metallurgy, Natural Philosophy, physics, agriculture, health care, pharmaceuticals, astrophysics, nuclear energy, space technology, applications, defense research, biotechnology, information technology, electronics, oceanography, and other areas.


ਇੰਜੀਨੀਅਰ
ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ
99153-57524




The introduction of scientific research, ideas, and techniques to the field of education has brought a huge positive change in the

new generation and provided them with various new and innovative opportunities to work in the field of their interest. Modem science in India has been awakened by outstanding scientists' continuous and hard efforts. Scientists in India are great and have made possible scientific advances of the highest international calibre.



Technological development in any field enhances the economy of any nation. In order to improve the power of science and technology in India, the Indian government made the Council of Scientific and Industrial Research in 1942 and the Board of Scientific and Industrial Research in 1940. In order to emphasize the growth of science and technology in the country, Indian government has established a chain of national laboratories and research institutes in various regions.

After independence, our country has been involved in the promotion of the spread of science for national development. A variety of policies made by the government have emphasized self-sufficiency and sustainable growth and development throughout the country. Science and technology have impacted the country's economic growth and social development in an extraordinary manner.

● ● ●


ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ
ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਆਂ
ਥੋਡੀ ਯਾਦ ਵਿਚ ਬੈਠ ਕੇ ਦੋ ਘੜੀਆਂ
ਇਕ ਦੋ ਪਿਆਰ ਦੇ ਹੰਝੂ ਬਹਾਉਣ ਲੱਗਿਆਂ
ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿਚੋਂ
ਮੁੱਢ ਬੰਨ੍ਹਿਐ ਤੁਸੀਂ ਕਹਾਣੀਆਂ ਦਾ
ਸੌਂਹ ਖਾਂਦੇ ਹਾਂ ਅਸੀਂ ਜੁਆਨੀਆਂ ਦੀ
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ।

**-ਸੰਤ ਰਾਮ ਉਦਾਸੀ**

**ਪੱਕਾ ਘੜਾ ਤੇਰਾ ਕਦ ਤੀਕਰ**
**ਪੱਕਾ ਵੀ ਹੋਣਾ ਠੀਕਰ ਠੀਕਰ**
**ਕੱਚੇ ਪੱਕੇ ਘਿਰ ਜਾਂਦੇ ਨੇ**
**ਜਦ ਆਉਂਦੀ ਮੰਝਧਾਰ**
**ਬਿਨਾਂ ਗੁਰ ਆਪਣੇ**
**ਤੈਨੂੰ ਕੌਣ ਲੰਘਾਵੇ ਪਾਰ**
**ਸੰਤ ਸੰਧੂ (‘ਅਨੰਦਪੁਰ ਮੇਲ’ ’ਚੋਂ)**



# MATRIMONIAL



SEEKING BEAUTIFULMATCHFORLOBANA SIKH GIRL MS. TARANPREET KAUR GHOTRA, HEIGHT 5'5", 1993 BORN, B. TECH FOOD SCIENCEFROM GURU NANAK DEV UNIVERSITY CAMPUS, AMRITSAR. NOWWELL SETTLEDIN NEW ZEELANDWITH PR. CONTACT: 9915575004

* * * * *

SEEKING MATCH FOR 26 YRS LOBANA BOY, HEIGHT 6'1", EDUCATION – B. TECH IN CIVIL ENGINEERING FROM PEC CHANDIGARH, M. ENGG. IN STRUCTURAL ENGINEERING FROM CARLETON UNIVERSITY CANADA, CURRENTLY WORKING AS A STRUCTURAL ENGINEER IN CANADA, CURRENT RESIDENCE SUDBURY CANADA. PERMANENT RESIDENCE IN PANCHKULA (HR), CONTACT ON WHATSAPP – 6280045394

* * * * *

SEEKING BRIDE FOR JULY 1991 BORN SIKH BOY, HEIGHT 5'7" (169 CM), NATIONALITY NETHERLAND, STRUCTURAL/ CIVIL ENGINEERING, DIPLOMA FROM MASTER OF CIVIL ENGINEERING FROM TECH. UNIVERSITY EINDHOVEN (HOLLAND), WORKING AS A ENGINEER (TEAM LEADER) IN HOLLAND), SALARY 50000EURO, FATHER BUSINESS MAN AND MOTHER HOUSEWIFE. FOR MORE DEAILS CONTACT: 0031687220490

* * * * *

LOOKING BRIDE FOR HANDSOME & FAIR COMPLEXIONED, DOB 07 DEC 1994, 6'2", CITY VANCOUVER, CA, MBA FROM UNIVERSITY OF CANADA WEST, PGD, BM, BBA FROM GND UNIVERSITY, JOB – SAFETY SUPPORT ADVISOR, HEALTH CARE, BC., SALARY 75000 CAD PER ANNUM., FAMILY – ELDER BROTHER TERRITORY MANAGER WITH PHARMA COMPANY. OWN ELECTORNICS BUSINESS, GRAND PARENTS CITIZENS OF CANADA. CONTACT:9316092400

* * * * *

MATCH FOR 22 SEP 1993 BORN, HEIGHT 5'9", CITY NEW YORK, PROFESSIONAL QUALIFICATION - COMPUTER SCIENCE, TECHNOLOGICAL SUPPORT ENGINEER, FAMILY ONE BROTHER MARRIED & CANADIAN CITIZEN, TWO SISTERS MARRIED AND BOTH ARE US CITIZENS. CONTACT: +732 372 1688

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁ.ਫਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦ.ਫਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਸਤੰਬਰ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ੍ਰ: ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰ: 541, ਫੇਜ਼-3, ਮੋਹਾਲੀ। | 092 | 1100/- | 16.09.2023 |
| 2. | ਗੁਪਤਦਾਨ | 093 | 500/- | 17.09.2023 |
| 3. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਵਿੱਤ ਸਕੱਤਰ,<br>ਮਕਾਨ ਨੰ: -3405, ਸੈਕਟਰ 40-ਡੀ, ਚੰਡੀਗੜ੍ਹ। | 094 | 200/- | 17.09.2023 |
| 4. | ਪੰਡਿਤ ਰਾਮ ਕੁਮਾਰ (ਕੰਟੀਨ)<br>ਬ.ਮ.ਸ.ਲ. ਫ਼ਾਉਂਡੇਸ਼ਨ, ਚੰਡੀਗੜ੍ਹ। | 095 | 500/- | 17.09.2023 |
| 5. | ਸੂਬੇਦਾਰ ਮੇਜਰ ਅਮਰਜੀਤ ਸਿੰਘ<br>(ਸਾਬਕਾ ਜਨਰਲ ਸਕੱਤਰ),<br>ਐਚ. ਐਮ.102, ਫ਼ੇਜ਼- 3-ਬੀ-1, ਮੋਹਾਲੀ। | 096 | 500/- | 17.09.2023 |
| 6. | ਇੰਜ: ਕੁਲਬੀਰ ਸਿੰਘ ਸੁਜਲਾਨਾ<br>ਐਸ.ਈ. (ਰਿਟਾ.)<br>ਮਕਾਨ ਨੰ: 139, ਸੈਕਟਰ-70, ਮੋਹਾਲੀ। | 097 | 500/- | 17.09.2023 |
| 7. | ਮੇਜਰ ਜਸਪਾਲ ਸਿੰਘ<br>ਮੈਂਟੀਨੈਂਸ ਸਕੱਤਰ<br>ਮਕਾਨ ਨੰ: 18, ਏ.ਕੇ.ਐਸ ਕਲੋਨੀ, ਜ਼ੀਰਕਪੁਰ। | 098 | 200/- | 17.09.2023 |
| 8. | ਸ੍ਰ: ਗੁਰਚਰਨ ਸਿੰਘ<br>ਮਕਾਨ ਨੰ: 5696-ਬੀ, ਵੈਸਟ, ਚੰਡੀਗੜ੍ਹ। | 099 | 200/- | 17.09.2023 |
| 9. | ਸ੍ਰ: ਬਨਪ੍ਰੀਤ ਸਿੰਘ<br>ਮਕਾਨ ਨੰ: 2092, 45-ਸੀ, ਚੰਡੀਗੜ੍ਹ। | 100 | 200/- | 17.09.2023 |
| 10. | ਸ੍ਰ: ਚਰਨਜੀਤ ਸਿੰਘ ਲੁਬਾਣਾ<br>ਐਚ.ਐਲ. -600, ਫ਼ੇਜ਼-9, ਮੋਹਾਲੀ। | 101 | 200/- | 17.09.2023 |
| 11. | ਸ੍ਰ: ਰਾਜਪਾਲ ਸਿੰਘ<br>ਮਕਾਨ ਨੰ: 43, ਐਨ.ਏ.ਸੀ., ਮਨੀ ਮਾਜਰਾ। | 102 | 500/- | 17.09.2023 |
| 12. | ਸ੍ਰ: ਹਰਦਿਆਲ ਸਿੰਘ ਘੋਤੜਾ<br>ਸਾਬਕਾ ਵਿੱਤ ਸਕੱਤਰ<br>11, ਸੰਗਮ ਐਨਕਲੇਵ, ਸੈਕਟਰ 48-ਏ, ਚੰਡੀਗੜ੍ਹ। | 103 | 200/- | 17.09.2023 |
| 13. | ਸ੍ਰ: ਐਨ.ਪੀ. ਸਿੰਘ,<br>ਮਕਾਨ ਨੰ:2249, ਸਟਾਰ ਐਨਕਲੇਵ, 48-ਸੀ, ਚੰਡੀਗੜ੍ਹ। | 104 | 200/- | 17.09.2023 |
| 14. | ਸ੍ਰ: ਗੁਰਦੇਵ ਸਿੰਘ<br>ਮਕਾਨ ਨੰ: 122, ਸੈਕਟਰ 36, ਚੰਡੀਗੜ੍ਹ। | 105 | 500/- | 17.09.2023 |

| | | | | |
|---|---|---|---|---|
| 15. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਸਕੱਤਰ<br>ਮਕਾਨ ਨੰ: 2218, ਸੈਕਟਰ - 38 ਸੀ, ਚੰਡੀਗੜ੍ਹ। | 106 | 1100/- | 17.09.2023 |
| 16. | ਸ੍ਰ: ਮਨਜੀਤ ਸਿੰਘ<br>ਗੁਰੂ ਘਰ ਇੰਚਾਰਜ<br>ਮਕਾਨ ਨੰ: 1005, ਸੈਕਟਰ 71, ਮੋਹਾਲੀ। | 107 | 500/- | 17.09.2023 |
| 17. | ਬੀਬੀ ਨਰਿੰਦਰ ਕੌਰ<br>ਮਕਾਨ ਨੰ: 2020, ਸੈਕਟਰ 37-ਸੀ, ਚੰਡੀਗੜ੍ਹ। | 108 | 200/- | 17.09.2023 |
| 18. | ਸ੍ਰ: ਸੁਖਵਿੰਦਰਪਾਲ ਸਿੰਘ<br>ਮਕਾਨ ਨੰ: 2102, ਫ਼ੇਜ 10, ਮੋਹਾਲੀ। | 109 | 200/- | 17.09.2023 |
| 19. | ਸ੍ਰ: ਭਗਤ ਸਿੰਘ (ਆਈ.ਏ.ਐਸ.),<br>ਮਕਾਨ ਨੰ: 795, ਫ਼ੇਜ 3-ਬੀ-1, ਮੋਹਾਲੀ। | 110 | 2100/- | 17.09.2023 |
| 20. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ: - 62, ਸੈਕਟਰ-71, ਮੋਹਾਲੀ। | 111 | 500/- | 17.09.2023 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

ਇਹ ਸੋਚਣ ਦਾ ਹੁਣ ਹੀ ਵੇਲਾ ਆਇਆ ਏ,
ਕੀ ਕੁੱਝ ਖੱਟਿਆ ਕਿਤਨਾ ਕੁੱਝ ਗਵਾਇਆ ਏ।
ਥੋੜ੍ਹੀ ਕੁ ਹੈ ਬਾਕੀ ਬਹੁਤੀ ਬੀਤ ਗਈ,
ਪਰ ਪੱਲੇ ਵਿਚ ਕੱਖ ਵੀ ਨਾ ਸਰਮਾਇਆ ਏ।
ਸਾਰੀ ਉਮਰਾਂ ਜੋੜ-ਤੋੜ ਵਿਚ ਰੁੱਝੇ ਰਹੇ,
ਨਕਲੀ ਪਿੱਛੇ ਲੱਗ ਕੇ ਅਸਲ ਗਵਾਇਆ ਏ।
ਕੌਣ ਕਿਸੇ ਦੀ ਸੁਣਦਾ ਹੈ ਵਿਥਿਆ ਅੱਜਕਲ੍ਹ,
ਕੀਹਨੂੰ ਕਹੀਏ ਕੀ-ਕੀ ਅਸੀਂ ਹੰਢਾਇਆ ਏ।
ਨ੍ਹੇਰੇ ਦੇ ਵਿਚ ਰਖਿਆ ਸਭ ਨੇ 'ਜੋਗੀ' ਨੂੰ,
ਉਸਨੇ ਤਾਂ ਹਰ ਇਕ ਦਾ ਰਾਹ ਰੁਸ਼ਨਾਇਆ ਏ।

ਗੁਰਚਰਨ ਸਿੰਘ 'ਜੋਗੀ'


## ਭਾਈ ਲੱਖੀ ਸ਼ਾਹ ਬਲਾਕ ਦੀ ਦੋ ਮੰਜ਼ਿਲਾਂ ਪੁਰਾਣੀ ਬਿਲਡਿੰਗ ਦੀ ਜਗ੍ਹਾ ਚਾਰ ਮੰਜ਼ਿਲਾਂ ਨਵੀਂ ਬਿਲਡਿੰਗ ਬਣਾਉਣ ਬਾਰੇ ਉਸਾਰੀ ਕਮੇਟੀ ਦੀ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਪਹਿਲੀ ਮੀਟਿੰਗ ਮਿਤੀ 10-08-2023 ਨੂੰ ਹੋਈ



## ਭਵਨ ਚੰਡੀਗੜ੍ਹ ਵਿਖੇ ਮੇਨ ਆਡੀਟੋਰੀਅਮ ਦੀ, ਸਟੇਜ਼ ਦੀਆਂ ਲਾਈਟਾਂ, ਛੱਤ ਦੀ ਐਲ.ਈ.ਡੀ. ਮੁਕੰਮਲ ਅਤੇ ਫੁਟ ਲਾਈਟਾਂ ਨਵੀਆਂ ਫਿਲਿਪ ਕੰਪਨੀ ਦੀਆਂ ਸਤੰਬਰ ਮਹੀਨੇ ਵਿਚ ਲਗਵਾਈਆਂ ਗਈਆਂ







# Twelve(12) Working Committee Meeting of BMSLF Chandigarh held on 27.09.2023, in Conference hall of BMSLF Bhawan





ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਚਿੱਤਰ ਸ. ਭਗਵਾਨ ਸਿੰਘ ਲੁਬਾਣਾ ਵੱਲੋਂ ਕਲਪਿਤ ਕਰਕੇ ਸਾਲ 1995 ਵਿਚ ਬਣਾਇਆ ਗਿਆ ਸੀ। ਹੁਣ 28 ਸਾਲ ਬਾਅਦ ਇਸ ਪੋਰਟਰੇਟ ਦਾ ਦੂਸਰਾ ਐਡੀਸ਼ਨ ਬਮਸ਼ਲ ਭਵਨ ਚੰਡੀਗੜ੍ਹ ਵਿਖੇ 27-9-2023 ਨੂੰ ਪ੍ਰਧਾਨ ਸਾਹਿਬ ਸ. ਹਰਭਜਨ ਸਿੰਘ ਜੀ ਅਤੇ ਸਮੂਹ ਵਰਕਿੰਗ ਕਮੇਟੀ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਦੀ ਹਾਜ਼ਰੀ ਵਿਚ ਰਿਲੀਜ਼ ਕੀਤਾ ਗਿਆ। ਇਸ ਪੋਰਟਰੇਟ ਦੀ ਫਰੇਮਿੰਗ ਕਰਕੇ ਸਮੂਹ ਮੈਂਬਰਾਂ ਨੂੰ ਉਪਲੱਬਧ ਕਰਵਾਇਆ ਗਿਆ। ਇਹ ਪੋਰਟਰੇਟ ਸਮੇਤ ਫਰੇਮ ਲੈਣ ਲਈ ਚਾਹਵਾਨ ਮੈਂਬਰ ਭਗਵਾਨ ਸਿੰਘ ਲੁਬਾਣਾ ਜੀ ਨਾਲ ਜਲੰਧਰ ਵਿਖੇ 98155-40240 'ਤੇ ਸੰਪਰਕ ਕਰਨ ਜੀ।